ਬਾਬ-62ੳ

## ਚੌਥੀ ਉਦਾਸੀ :ਭਾਗ –4

# ਬਗਦਾਦ ਦੇ ਕੌਤਕ

### 1531 ਈ ਦੇ ਅਖੀਰੀ ਮਹੀਨੇ

ਕਿਉਕਿ ਜਨਮ ਸਾਖੀਆਂ ਨੇ ਲਿਖਿਆ ਹੈ ਕਿ ਬਗਦਾਦ ਵਿਚ ਗੁਰੂ ਸਾਹਿਬ ਦਾ ਮੇਲ ਬਗਦਾਦ ਦੇ ਇਮਾਮ ਸ਼ਾਹ ਸਰਫ ਨਾਲ ਹੋਇਆ। ਓਧਰ ਬਗਦਾਦ ਦਾ ਇਤਹਾਸ ਪੜੋ ਤਾਂ ਪਤਾ ਲਗਦਾ ਹੈ ਕਿ ਇਮਾਮ ਸਰਫ ਦਾ ਰਾਜ ਕਾਲ 1529 ਤੋਂ 1533 ਈ ਹੈ। ਇਸ ਦਾ ਮਤਲਬ ਗੁਰੂ ਸਾਹਿਬ 1529 ਤੋਂ 1533 ਦਰਮਿਆਨ ਹੀ ਕਿਸੇ ਵੇਲੇ ਇਥੇ ਆਏ ਸਨ। ਅੱਗੇ ਫਿਰ ਹੋਰ ਘਟਨਾਵਾਂ ਤੋਂ ਸਾਬਤ ਹੁੰਦਾ ਹੈ ਕਿ ਸਾਹਿਬ 1531 ਵਿਚ ਇਥੇ ਸਨ। ⊙

## ਬਗਦਾਦ: ਸੁੰਨੀ ਮੁਸਲਮਾਨਾਂ ਤੇ ਹੋ ਰਹੇ ਜੁਲਮ ਨੂੰ ਰੋਕਣ ਗਏ।

ਮੱਕੇ ਅਤੇ ਮਦੀਨੇ ਵਿਚ ਗੁਰੂ ਸਾਹਿਬ ਦੀ ਵਿਚਾਰਧਾਰਾ ਦੀ ਪਹਿਲਾਂ ਵਿਰੋਧਤਾ ਤੇ ਫਿਰ ਵੱਡੀ ਕਦਰ ਹੋਈ ਸੀ। ਇਥੇ ਹੀ ਮੁਸਲਿਮ ਮਜ਼ਬੀ ਵਿਦਵਾਨਾਂ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਤੁਹਾਨੂੰ ਚਾਹੀਦਾ ਆਪਣਾ ਮਨੁੱਖਤਾਵਾਦੀ ਫਲਸਫਾ ਦੁਨੀਆ ਦੇ ਵਿਦਵਤਾ ਕੇਂਦਰ ਵਿਚ ਪੇਸ਼ ਕਰੋ। ਵਿਦਵਾਨਾਂ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਸਿਰਫ ਸੋਲਵੀ ਸਦੀ ਨਹੀ, ਬਗਦਾਦ ਤਾਂ ਸੈਕੜੇ ਸਾਲ ਪਹਿਲਾਂ ਤੋਂ ਹੀ ਦੁਨੀਆ ਦਾ 'ਬੈਤੁਲ ਹਿਕਮਾ' ਭਾਵ ਅਕਲ-ਘਰ (Wisdom House) ਮੰਨਿਆ ਜਾਂਦਾ ਰਿਹਾ ਹੈ। ਬਾਈਬਲ ਦਾ ਬੈਬੀਲੋਨ ਵੀ ਬਗਦਾਦ ਹੀ ਸੀ। ਜਿਵੇ ਅੱਜ ਇੰਗਲੈਂਡ ਦੇ ਲੰਡਣ ਸ਼ਹਿਰ ਨੂੰ ਦੁਨੀਆ ਦੀ ਰਾਜਧਾਨੀ ਸਮਝਿਆ ਜਾਂਦਾ ਹੈ ਏਸੇ ਤਰਾਂ ਉਦੋਂ ਬਗਦਾਦ ਬੈਤੁਲ ਹਿਕਮਾ ਸੀ।

ਇਹਨਾਂ ਸੁੰਨੀ ਵਿਦਵਾਨਾਂ ਨੇ ਨਾਲ ਹੀ ਗੁਰੂ ਸਾਹਿਬ ਨੂੰ ਸਲਾਹ ਦਿੱਤੀ ਕਿ ਬਗਦਾਦ ਜਾਓ ਤੇ ਨਾਲੇ ਉਥੇ ਸਾਫੀ ਹਕੂਮਤ ਨੂੰ ਸਮਝਾਇਆ ਜਾਏ ਜਿਸ ਨੇ ਸੁੰਨੀ ਮੁਸਲਮਾਨਾਂ ਦਾ ਜੀਣਾ ਹਰਾਮ ਕੀਤਾ ਹੋਇਆ ਹੈ ਅਤੇ ਅਕਸਰ ਸੁੰਨੀਆ ਦਾ ਕਤਲੇਆਮ ਵੀ ਕਰਦੀ ਹੈ। ਮੱਕੇ ਮਦੀਨੇ ਵਿਚ ਬਹੁਮਤ ਸੁੰਨੀ ਲੋਕਾਂ ਦਾ ਸੀ। ਇਹ ਵੱਡੀ ਸਚਾਈ ਸੀ ਕਿ ਈਰਾਨ ਦੀ ਸਫਵੀ ਹਕੂਮਤ ਸੁੰਨੀਆਂ ਦਾ ਕਤਲੇਆਮ ਕਰ ਰਹੀ ਸੀ। ਬਾਵਜੂਦ ਇਸਦੇ ਕਿ ਬਗਦਾਦ ਵਿਚ ਸੁੰਨੀ ਹੀ ਬਹੁ ਗਿਣਤੀ ਵਿਚ ਸਨ।

ਸੋ ਮੱਕੇ ਮਦੀਨੇ ਦੇ ਧਾਰਮਿਕ ਵਿਦਵਾਨਾਂ ਵਲੋਂ ਗੁਰੂ ਸਾਹਿਬ ਨੂੰ ਬਗਦਾਦ ਜਾਣ ਦੀ ਸਿਫਾਰਿਸ਼ ਕਰਨ ਪਿੱਛੇ ਉਨਾਂ ਦਾ ਆਪਣਾ ਮਤਲਬ ਵੀ ਸੀ। ਕਿਉਕਿ ਬਗਦਾਦ ਵਿਖੇ ਸਫਵੀ (ਸਾਫੀ) ਸਲਤਨਤ ਦਾ ਰਾਜ ਹੋ ਚੁੱਕਾ ਸੀ ਜੋ ਸੁੰਨੀ ਮੁਸਲਮਾਨ ਪ੍ਰਚਾਰਕਾਂ



**ਕੀ ਇਸ ਨੂੰ ਅਬੂ ਹਨੀਫਾ ਦੀ ਕਬਰ ਕਹੋਗੇ?**

1508 ਈ ਵਿਚ ਪ੍ਰਸਿੱਧ ਸੁੰਨੀ ਕਨੂੰਨ ਸਾਜ ਅਬੂ ਹਨੀਫਾ ਦੀ ਕਬਰ ਦੀ ਸ਼ਹਿਨਸ਼ਾਹ ਇਸਮਾਈਲ ਨੇ ਰੱਜ ਕੇ ਬੇਅਬਦੀ ਕਰਵਾਈ। ਕਬਰ ਪੁੱਟੀ। ਹਨੀਫਾ ਦੀਆਂ ਅਸਤੀਆਂ ਨੂੰ ਸਾੜਿਆ ਤੇ ਉਹਦੀ ਕਬਰ ਵਾਲੀ ਥਾਂ ਤੇ ਇਕ ਕੁੱਤੇ ਨੂੰ ਦਫਨਾ ਦਿੱਤਾ। ਫਿਰ ਕਬਰ ਵਾਲੀ ਥਾਂ ਨੇ ਟੱਟੀਆਂ ਬਣਵਾ ਦਿੱਤੀਆਂ ਤੇ ਨਾਲ ਹੀ 25 ਦਿਨਾਰ ਦਾ ਇਨਾਮ ਉਸ ਬੰਦੇ ਲਈ ਰੱਖ ਦਿੱਤਾ ਕਿ ਜਿਹੜਾ ਵੀ ਇਥੇ ਟੱਟੀ ਪਿਸ਼ਾਬ ਜਾਵੇ। 1534 ਵਿਚ ਬਗਦਾਦ ਫਿਰ ਉਸਮਾਨੀਆ ਹਕੂਮਤ ਨੇ ਜਿੱਤ ਲਿਆ। ਉਹਨਾਂ ਕਬਰ ਦੁਬਾਰਾ ਬਣਵਾ ਦਿੱਤੀ। ਨਾਲੇ ਅਬੂ ਹਨੀਫਾ ਦੇ ਨਾਂ ਤੇ ਜਿਹੜੀ ਮਸੀਤ ਬਣਾਈ ਉਹ ਦੁਨੀਆਂ ਦੀਆਂ ਖੂਬਸੂਰਤ ਮਸੀਤਾਂ ਵਿਚੋਂ ਇਕ ਹੈ।

ਨੂੰ ਚੁੱਣ ਚੁੱਣ ਮਾਰ ਰਹੇ ਸਨ। ਸੁੰਨੀ ਪ੍ਰਚਾਰਕ ਵਾਸਤੇ ਬਚਣ ਦਾ ਇਕੋ ਰਾਹ ਸੀ ਕਿ ਓਥੋਂ ਦੌੜ ਭੱਜ ਜਾਵੇ। ਸ਼ਹਿਨਸ਼ਾਹ ਇਸਮਾਈਲ-1 ਨੇ ਤਾਂ ਅੱਤ ਕਰ ਦਿੱਤੀ ਸੀ। ਉਸਨੇ ਮਸੀਤਾਂ ਵਿਚ ਇਸਲਾਮ ਦੇ ਪਹਿਲੇ ਤਿੰਨ ਖਲੀਫਿਆਂ (ਅਬੂ ਬਕਰ, ਉਮਰ ਤੇ ਉਸਮਾਨ) ਨੂੰ ਲਾਹਣਤ ਪਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਸੁੰਨੀਆਂ ਦੀਆਂ ਮਸੀਤਾਂ ਵੀ ਢਾਹ ਦਿੱਤੀਆਂ ਗਈਆਂ ਸਨ। ਹਜ਼ਾਰਾਂ (ਕਈਆਂ ਅਨੁਸਾਰ ਲੱਖਾਂ) ਸੁੰਨੀ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਇਆ ਸੀ। ਹੋਰ ਤੇ ਹੋਰ ਬਗਦਾਦ ਵਿਖੇ, ਸੁੰਨੀ ਕਨੂੰਨ ਸ਼ਰੀਅਤ ਦੇ ਬਾਨੀ ਅਬੂ ਹਨੀਫਾ ਅਤੇ ਕਾਦਰੀਆ ਸੂਫੀ ਮਤ ਦੇ ਬਾਨੀ ਅਬਦੂਲ ਕਾਦਿਰ

ਪੈੜ ਸਫਾ

⊙ ਇਸ ਪ੍ਰਕਾਰ ਪਿਛਲੇ 150 ਸਾਲ ਵਿਚ ਜਿੰਨੀਆਂ ਪੁਸਤਕਾਂ ਗੁਰੂ ਸਾਹਿਬ ਤੇ ਆਈਆਂ ਹਨ ਉਹਨਾਂ ਨੇ ਬਿਨਾਂ ਸੋਚੇ ਬਗਦਾਦ ਫੇਰੀ ਦਾ ਸਾਲ 1518-20 ਦੇ ਦਿਤਾ। ਕਿਉਕਿ ਕਿਸੇ ਜੀਵਨ ਕਾਲ ਵਿਚ 10 ਸਾਲ ਦਾ ਅਰਸਾ ਬਹੁਤ ਅਹਿਮੀਅਤ ਰੱਖਦਾ ਹੈ ਇਸ ਕਰਕੇ ਮੌਜੂਦਾ ਦੌਰ ਵਿਚ ਆਈਆਂ ਪੁਸਤਕਾਂ ਤੇ ਨਜਰਸਾਨੀ ਦੀ ਜਰੂਰਤ ਹੈ।

ਅਸੀ ਸਹਿਜ ਸੁਭਾ ਜਦੋਂ ਘਟਨਾਵਾਂ ਲਿਖਦੇ ਆ ਰਹੇ ਸਾਂ ਤਾਂ ਚੌਥੀ ਉਦਾਸੀ ਕਿਸੇ ਵੀ ਸੂਰਤ ਵਿਚ 1527 ਈ ਤੋਂ ਪਹਿਲਾਂ ਦੇਣ ਵਿਚ ਵੱਡੀ ਕਠਿਨਾਈ ਆ ਰਹੀ ਸੀ। ਕਿਉਕਿ ਜਨਮਸਾਖੀਆਂ ਵਿਚ ਆਉਦਾ ਸੀ ਕਿ ਸੈਦਪੁਰ ਦੇ ਕਤਲਿਆਮ ਤੋਂ ਬਾਦ ਗੁਰੂ ਸਾਹਿਬ ਟਿੱਲਾ ਜੋਗੀਆਂ ਵਲ ਨਿਕਲ ਗਏ ਸਨ। ਸੁਭਾਵਕ ਸੀ ਨਾਲ ਲਗਦਾ ਪੋਠੋਹਾਰ ਦਾ ਇਲਾਕਾ ਵੀ ਉਹਨਾਂ ਗਾਹਿਆ। ਫਿਰ 1525 ਈ ਵਿਚ ਸਿਆਲਕੋਟ ਅਤੇ ਅੱਗੇ ਜੰਮੂ ਅਤੇ ਲਗਦੇ ਪਹਾੜੀ ਥਾਵਾਂ ਤੇ ਜਾਣ ਦੇ ਇਸ਼ਾਰੇ ਮਿਲਦੇ ਸਨ। ਨਾਲੇ ਇਹਨਾਂ ਸਾਖੀਆਂ ਵਿਚ ਭਾਈ ਮਰਦਾਨਾ ਦੇ ਜੀਵਤ ਹੋਣ ਦੇ ਸਬੂਤ ਮਿਲਦੇ ਸਨ।

ਸੋ ਇਸ ਪ੍ਰਕਾਰ ਬਗਦਾਦ ਦੇ ਇਤਹਾਸ ਨੇ ਸਾਡੀ ਮੁਸੀਬਤ ਟਾਲ ਦਿੱਤੀ।

ਇਹ ਗਲ ਹੁਣ ਵਿਦਵਾਨ ਲੱਭਣ ਕਿ ਪਿਛਲੀਆਂ ਦੋ ਸਦੀਆਂ ਵਿਚ ਚੌਥੀ ਉਦਾਸੀ 1518 ਵਿਚ ਅਰੰਭ ਕਰਾਉਣ ਦੀ ਗਲਤ ਧਾਰਨਾ ਦੀ ਜੜ੍ਹ ਕੀ ਸੀ? ਕੀ ਤਵਾਰੀਖ ਖਾਲਸਾ ਨੇ ਹੀ ਇਹ ਬਖੇੜਾ ਖੜਾ ਕੀਤਾ ਸੀ? ਜਾਂ ਕੋਈ ਹੋਰ ਇਤਹਾਸਕਾਰ ਇਸ ਲਾਪਰਵਾਹੀ ਲਈ ਜਿੰਮੇਵਾਰ ਹੈ?

ਗਿਲਾਨੀ ਦੇ ਮਕਬਰੇ ਵੀ 1508 ਈ. ਵਿਚ ਢੁਹਾ ਦਿੱਤੇ ਗਏ ਸਨ।

ਉਂਜ ਸਾਫੀ ਹਕੂਮਤ ਦੀ ਰਾਜਧਾਨੀ ਓਦੋਂ ਤਬਰੇਜ ਸੀ ਪਰ ਅਕਲ ਰਾਜਧਾਨੀ ਅਜੇ ਵੀ ਬਗਦਾਦ ਹੀ ਸੀ। ਨਾਲੇ ਬਾਬੇ ਦੇ ਤਬਰੇਜ਼ ਜਾਣ ਦੀ ਕੋਈ ਤੁੱਕ ਨਹੀ ਸੀ ਬਣਦੀ ਕਿਉਕਿ ਰਾਜਾ ਅਜੇ ਚੜ੍ਹਦੀ ਜਵਾਨੀ ਵਿਚ (ਜਨਮ 1514 ਈ) ਤੇ ਰੂਹਾਨੀਅਤ ਤੋ ਕੋਰਾ ਸੀ। ਉਹ ਹਰ ਪ੍ਰਕਾਰ ਨਾਲ ਸਲਾਹਕਾਰਾਂ ਤੇ ਨਿਰਭਰ ਸੀ।

ਸੋ ਸੁੰਨੀ ਉਲੇਮਾ ਨੂੰ ਬਾਬੇ ਨਾਨਕ ਤੋਂ ਵਧੀਆ ਹੋਰ ਕਿਹੜਾ ਰਾਜਦੂਤ ਮਿਲ ਸਕਦਾ ਸੀ ਜੋ ਸਾਫੀ ਸਲਤਨਤ ਨੂੰ ਸਮਝਾ ਬੁਝਾ ਸਕੇ ਕਿ ਸੁੰਨੀਆਂ ਤੇ ਜ਼ੁਲਮ ਬੰਦ ਹੋਵੇ।

## ਬਗਦਾਦ ਪਹੁੰਚਣਾ

ਗੁਰੂ ਸਾਹਿਬ, ਮੁਹੱਮਰਾ (ਖੁਰੱਮਸ਼ਹਿਰ ਈਰਾਨ) ਸ਼ਓਸ਼ਤਰ (ਈਰਾਨ) ਹੁੰਦੇ ਹੋਏ 2100 ਕਿ. ਮੀ. ਦਾ ਪੈਂਡਾ ਤਹਿ ਕਰਕੇ ਬਗਦਾਦ ਪਹੁੰਚੇ ਸਨ।



ਮੁਸਲਮਾਨ ਲਹਿਜੇ ਵਿਚ ਗੁਰੂ ਸਾਹਿਬ ਦੀ ਹੱਥ ਬਣੀ ਤਸਵੀਰ। ਇਹ ਲਖਨਊ ਘਰਾਣੇ ਕੋਲ ਹੁੰਦੀ ਸੀ

ਜਦੋਂ ਮਦੀਨੇ ਤੋਂ ਬਗਦਾਦ ਗਏ ਤਾਂ ਬਾਬੇ ਨਾਲ ਮਰਦਾਨੇ ਤੋਂ ਸਿਵਾਏ ਇਕ ਤਾਂ ਸਨਖੱਤਰੇ (ਅੱਜ ਦਾ ਜਿਲਾ ਸਿਆਲਕੋਟ) ਦਾ ਫਕੀਰ ਮੁਹੰਮਦ ਗੌਂਸ੦ ਤੇ ਦੂਜਾ ਰੁਕਨੁਦੀਨ ਸੀ। ਲਗਦੈ ਕਿ ਰੁਕਨੁਦੀਨ ਉੱਚ ਸ਼ਰੀਫ ਤੋਂ ਸੀ (ਇਸ ਬਾਬਤ, ਪੱਕੀ ਤਸਦੀਕੀ ਖੋਜ ਹੋਣੀ ਅਜੇ ਬਾਕੀ ਹੈ)। ਕਿਉਕਿ ਗੁਰੂ ਸਾਹਿਬ ਮੱਕੇ ਤੇ ਮਦੀਨੇ ਆਪਣਾ ਜਲਵਾ ਵਿਖਾ ਚੁੱਕੇ ਸਨ ਤੇ ਇਸਲਾਮਿਕ ਕੱਟੜਪੰਥੀਆਂ ਨੂੰ ਲਾਜਵਾਬ ਕਰ ਚੁੱਕੇ ਸਨ, ਇਹ ਦੋਵੇ ਗੁਰੂ ਸਾਹਿਬ ਦੇ ਮੁਰੀਦ ਹੀ ਬਣ ਚੁੱਕੇ ਸਨ।

-----◈-----

## ਹਿੰਦੁਸਤਾਨ ਦਾ ਬਗਦਾਦ ਨਾਲ ਓਵੇਂ ਹੀ ਸਬੰਧ ਸੀ ਜਿਵੇਂ ਮੱਕੇ ਮਦੀਨੇ ਨਾਲ




16 ਵੀ ਸਦੀ ਦੇ ਤਿੰਨ ਮੁਸਲਮਾਨ ਸਾਮਰਾਜਾਂ ਭਾਵ ਉਸਮਾਨੀਆ (ਹਲਕਾ ਹਰਾ) , ਸਫਵੀ (ਭਗਵਾ) ਅਤੇ ਮੁਗਲਾਂ (ਜਾਮਨੀ) ਦਾ ਨਕਸ਼ਾ। ਇਸ ਨਕਸ਼ੇ ਵਿਚ ਬਗਦਾਦ ਨੂੰ ਉਸਮਾਨੀਆਂ ਹਕੂਮਤ ਵਿਚ ਦਿਖਾਇਆ ਗਇਆ ਹੈ ਕਿਉਕਿ 1534 ਈ. ਵਿਚ ਉਸਮਾਨੀਆਂ ਨੇ ਬਗਦਾਦ ਫਤਹਿ ਕਰ ਲਿਆ ਸੀ।

**ਬਗਦਾਦ** : ਇਸਲਾਮ ਦਾ ਅਕਲ ਧੁਰਾ - ਜਿਵੇ ਸਿੱਖੀ ਦਾ ਧੁਰਾ ਕਿਸੇ ਵੇਲੇ ਕਰਤਾਰਪੁਰ, ਕਦੀ ਖਡੂਰ, ਕਦੀ ਗੋਇੰਦਵਾਲ, ਅੰਮ੍ਰਿਤਸਰ, ਕਦੀ ਅਨੰਦਪੁਰ ਸਾਹਿਬ ਰਿਹਾ ਹੈ। ਭਾਵ ਜਿੱਥੇ ਕੌਮ ਦਾ ਮੁੱਖੀ ਰਹਿੰਦਾ ਹੈ ਓਹੋ ਕੌਮ ਦਾ ਕੇਂਦਰ ਬਣ ਜਾਂਦਾ ਹੈ। ਕਿਉਕਿ 1708 ਈ. ਵਿਚ ਗੁਰਿਆਈ ਗੁਰੂ ਗਰੰਥ ਸਾਹਿਬ ਨੂੰ ਸੌਪ ਦਿੱਤੀ ਸੀ ਇਸ ਕਰਕੇ ਬਾਦ ਵਿਚ ਸਿੱਖੀ ਦਾ ਉਹ ਕੇਂਦਰ ਬਣ ਗਇਆ ਜਿੱਥੇ ਗੁਰੂ ਗ੍ਰੰਥ ਸ਼ੁਸ਼ੋਭਿਤ ਸੀ। ਕਿਉਕਿ ਗੁਰੂ ਅਰਜਨ ਦੇਵ ਨੇ ਭਾਦਰੋਂ 1604 ਈ. ਵਿਚ ਗੁਰੂ ਗ੍ਰੰਥ ਸਾਹਿਬ ਨੂੰ ਰਸਮੀ ਤੌਰ ਤੇ ਹਰਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰ ਦਿੱਤਾ ਸੀ ਇਸ ਕਰਕੇ ਅੰਮ੍ਰਿਤਸਰ ਹੀ ਸਿੱਖੀ ਦਾ ਸਦੀਵੀ ਧੁਰਾ ਬਣ ਗਿਆ।

ਐਨ ਇਸੇ ਤਰਾਂ ਇਸਲਾਮ ਵਿਚ ਵੀ ਹਜਰਤ ਮੁਹੰਮਦ ਸਾਹਿਬ ਤੋਂ ਬਾਦ ਜੋ ਮੁਸਲਮਾਨ ਕੌਮ ਦਾ ਮੁੱਖੀ ਬਣਿਆ ਉਹ ਖਲੀਫਾ ਅਖਵਾਉਦਾ ਸੀ। ਸ਼ੁਰੂ ਵਿਚ ਖਲੀਫੇ ਮੁਹੰਮਦ ਸਾਹਿਬ ਦੇ ਰਿਸ਼ਤੇਦਾਰਾਂ ਜਾਂ ਵਾਰਸਾਂ ਵਿਚੋਂ ਹੀ ਰਹੇ ਹਨ। ਗਲ ਜੋ ਗੌਰ ਕਰਨ ਵਾਲੀ ਹੈ, ਉਹ ਇਹ ਹੈ ਕਿ ਸੰਨ 762 ਈ ਤੋਂ ਲੈ ਕੇ 1206 ਈ ਤੱਕ ਬਗਦਾਦ ਹੀ ਇਸਲਾਮ ਦਾ ਕੇਂਦਰ ਰਿਹਾ। ਪੜ੍ਹ ਕੇ ਹੈਰਾਨ ਹੋਵੋਗੇ ਕਿ ਉਨਾਂ ਦਿਨਾਂ ਵਿਚ ਭਾਵ ਅੱਜ ਤੋਂ 1000 ਸਾਲ ਪਹਿਲਾਂ ਵੀ ਬਗਦਾਦ ਦੀ ਅਬਾਦੀ 10 ਲੱਖ ਤੋਂ ਵੱਧ ਸੀ।

1206 ਵਿਚ ਹਲਾਕੂ ਖਾਨ ਮੰਗੋਲ ਨੇ ਸ਼ਹਿਰ ਤਹਿਸ ਨਹਿਸ ਤਾਂ ਕਰ ਦਿੱਤਾ ਸੀ ਕਿ ਪਰ ਵਿਦਵਤਾ ਦਾ ਕੇਂਦਰ ਅਜੇ ਵੀ ਸਿਰਫ ਬਗਦਾਦ ਸੀ। ਹਾਂ 1261 ਈ. ਵਿਚ ਖਲਾਫਤ ਕੈਅਰੋ (ਮਿਸਰ) ਵਿਚ ਤਬਦੀਲ ਹੋ ਗਈ। ਕੈਅਰੋ ਬਗਦਾਦ ਤੋਂ ਕੋਈ 1500 ਕਿ. ਮੀ. ਹਟਵੀ ਸੀ ਇਸ ਕਰਕੇ ਬੈਤੁਲ ਹਿਕਮਾ ਬਗਦਾਦ ਵਿਖੇ ਹੀ ਬਰਕਰਾਰ ਰਹੀ ਕਿਉਕਿ ਐਨੀ ਦੂਰ ਵਿਦਵਾਨ ਆਸਾਨੀ ਨਾਲ ਹਿਜਰਤ ਨਹੀ ਸਨ ਕਰ ਸਕਦੇ। ਖੈਰ ਗੁਰ ਨਾਨਕ ਪਾਤਸ਼ਾਹ ਦੀ ਫੇਰੀ ਤੋਂ ਕੁਝ ਸਮਾਂ ਪਹਿਲਾਂ ਖਲਾਫਤ ਕੈਅਰੋ ਤੋਂ ਵੀ ਤਬਦੀਲ ਹੋ ਤੁਰਕੀ ਚਲੀ ਗਈ ਕਿਉਕਿ ਤੁਰਕੀ ਦੇ ਬਾਦਸ਼ਾਹ ਨੇ ਮਿਸਰ ਤੇ ਕਬਜਾ ਕਰ ਲਿਆ। 1401ਈ. ਜਾਲਮ ਤੈਮੂਰ ਲੰਗ ਨੇ ਬਗਦਾਦ ਦੀ ਯਹੀ ਤਹੀ ਫੇਰ ਦਿੱਤੀ ਜਦੋਂ ਉਸ ਨੇ ਹੁਕਮ ਦੇ ਦਿੱਤਾ ਸੀ ਕਿ ਹਰ ਸਿਪਾਹੀ ਦੋ ਬਗਦਾਦੀਆਂ ਦੇ ਸਿਰ ਲਾਹ ਕੇ ਲਿਆਏ। ਇਹਦੇ ਬਾਵਜੂਦ ਤੁਰਕਾਂ ਦੇ ਰਾਜ ਸਮੇਂ ਸੂਬਾਈ ਰਾਜਧਾਨੀ ਬਗਦਾਦ ਹੀ ਰਹੀ ਸੀ।

ਕਹਿਣ ਤੋਂ ਮਤਲਬ ਗੁਰੂ ਸਾਹਿਬ ਦੇ ਵੇਲੇ ਵੀ ਬਗਦਾਦ ਬੇਤੁਲ ਹਿਕਮਾ ਤਾਂ ਬਰਕਰਾਰ ਸੀ।

ਤੇ ਇਸ ਤੋਂ ਵੀ ਵੱਡੀ ਗਲ ਬਗਦਾਦ ਦਾ ਹਿੰਦੁਸਤਾਨ ਨਾਲ ਸਬੰਧ ਬਣਿਆ ਹੋਇਆ ਸੀ। ਪਰ ਅਜਿਹਾ ਸਬੰਧ ਕੈਅਰੋ ਤੇ ਕਸਤਨਤੂਨੀਆਂ (ਤੁਰਕੀ) ਨਾਲ ਨਹੀ ਸੀ ਬਣ ਪਾਇਆ। ਇਸ ਕਰਕੇ ਗੁਰੂ ਸਾਹਿਬ ਦਾ ਬਗਦਾਦ ਜਾਣਾ ਕੁਝ ਲਾਜਮੀ ਬਣ ਚੁੱਕਾ ਸੀ।

ਫਿਰ ਭਾਰਤ ਵਿਚ ਕਈ ਸੂਫੀ ਪੀਰ ਵੀ ਬਗਦਾਦ ਤੋਂ ਹੀ ਆਏ ਸਨ। ਮਨਸੂਰ-ਅਨ-ਅਲ ਹੱਕ ਵੀ ਬਗਦਾਦੀ ਹੀ ਸੀ ਜਿੰਨੇ ਸੂਲੀ ਤੇ ਚੜ੍ਹਾਏ ਜਾਣ ਤੋਂ ਪਹਿਲਾਂ ਪੰਜਾਬ ਦਾ ਵੀ ਦੌਰਾ ਕੀਤਾ ਸੀ। ਮਨਸੂਰ ਦਾ ਨਾਂ ਪੰਜਾਬ ਵਿਚ ਘਰ ਘਰ ਤੱਕ ਪਹੁੰਚ ਚੁੱਕਾ ਸੀ।

ਗੁਰੂ ਸਾਹਿਬ ਦੇ ਵੇਲੇ ਹੀ ਸਰਵਰੀਆਂ ਦਾ ਪੰਥ ਚੋਖਾ ਜੋਰ ਫੜ੍ਹ ਚੁੱਕਾ ਸੀ। ਇਸ ਫਿਰਕੇ ਦਾ ਬਾਨੀ ਸਯਦ ਅਹਿਮਦ ਸੁਲਤਾਨ ਜਿੰਨੂ ਪੰਜਾਬੀ ਲੋਕ ਸਖੀ ਸਰਵਰ ਜਾਂ ਲੱਖ ਦਾਤਾ ਜਾਂ ਪੀਰ ਨਿਗਾਹੀਆ ਜਾਂ ਲਾਲਾ ਵਾਲਾ ਜਾਂ ਰੋਹੀਆਂਵਾਲਾ ਜਾਂ ਸੁਲਤਾਨ ਕਹਿ ਕੇ ਮੰਨਦੇ ਹਨ ਉਹ ਵੀ ਬਗਦਾਦ ਤੋਂ ਹੀ ਸੀ।

ਕਾਦਰੀਆ ਫਿਰਕੇ ਦਾ ਬਾਨੀ ਅਬਦੁਲ ਕਾਦਰ ਗਿਲਾਨੀ (1078-1166 ਈ) ਵੀ ਬਗਦਾਦ ਤੋਂ ਹੀ ਸੀ। ਇਸ ਫਿਰਕੇ ਦੇ ਸੂਫੀ ਪੀਰ ਪੂਰੇ ਪੰਜਾਬ ਵਿਚ ਫੈਲੇ ਹੋਏ ਸਨ। ਗੁਰੂ ਸਾਹਿਬ ਅਜਮੇਰ ਵਿਖੇ ਇਸੇ ਸਿਲਸਿਲੇ ਦੇ ਪੀਰ ਮੋਹੀਉਦੀਨ ਚਿਸ਼ਤੀ ਦੇ ਦਰਗਾਹ ਤੇ ਵੀ ਕਿਸੇ ਵੇਲੇ ਜਾ ਚੁੱਕੇ ਸਨ। ਫਿਰ ਉੱਚ ਦੇ ਪੀਰਾਂ ਨਾਲ ਤਾਂ ਗੁਰੂ ਸਾਹਿਬ ਦੀ ਡਾਹਢੀ ਸਾਂਝ ਸੀ। ਸ਼ੇਖ ਮੁਹੰਮਦ ਗੌਂਸ ਕਾਦਰੀ ਜਿਲਾਨੀ (ਮੌਤ 923 ਹਿਜਰੀ ਭਾਵ 1517 ਈ.) ਉੱਚ ਸ਼ਰੀਫ ਤੋਂ ਹੀ ਹੋਏ ਨੇ।

ਕਹਿਣ ਤੋਂ ਮਤਲਬ ਸੂਫੀ ਸਿਲਸਿਲੇ ਦੀ ਜੜ੍ਹ ਬਗਦਾਦ ਸੀ ਤੇ ਸੂਫੀਆਂ ਨੇ ਹੀ ਭਾਰਤ ਵਿਚ ਇਸਲਾਮ ਦੀ ਨੀਂਹ ਰੱਖੀ ਸੀ। ਫਿਰ ਵੱਡੇ ਵੱਡੇ ਸੂਫੀ ਪੀਰਾਂ ਦੀ ਇਛਾ ਹੁੰਦੀ ਸੀ ਕਿ ਜਿੰਦਗੀ ਵਿਚ ਇਕ ਵੇਰਾਂ ਕਿਤੇ ਬਗਦਾਦ ਦੇ ਦਰਸ਼ਨ ਹੋ ਜਾਣ ਤੇ ਵੱਡੇ ਪੀਰ (ਅਬਦੁਲ ਕਾਦਰ ਗਿਲਾਨੀ) ਦੀ ਦਰਗਾਹ ਦੀ ਜਿਆਰਤ ਕੀਤੀ ਜਾ ਸਕੇ ਭਾਵ ਮੱਥਾ ਟੇਕਿਆ ਜਾ ਸਕੇ।

ਸੋ ਕਿਸੇ ਸੂਫੀ ਪੀਰ ਵਾਸਤੇ ਮੱਕੇ ਮਦੀਨੇ ਦੇ ਹੱਜ ਤੋਂ ਬਾਦ ਬਗਦਾਦ ਦਾ ਹੱਜ ਵੀ ਓਨਾ ਹੀ ਅਹਿਮੀਅਤ ਰੱਖਦਾ ਸੀ।

ਦਰ ਅਸਲ ਭਾਰਤ ਖਾਸ ਕਰਕੇ ਪੰਜਾਬ ਵਿਚ ਬਗਦਾਦ ਦਾ ਨਾਂ ਘਰ ਘਰ ਵਿਚ ਪ੍ਰਚਲਤ ਸੀ। ਅੱਜ ਵੀ ਤੁਹਾਨੂੰ ਕਿਤੇ ਕਿਤੇ ਬਗਦਾਦੀ ਦਰਵਾਜਾ ਜਾਂ ਬਗਦਾਦੀ ਮਦਰਸੇ ਦਾ ਨਾਂ ਮਿਲ ਹੀ ਜਾਂਦਾ ਹੈ।

ਇਸ ਕਰਕੇ ਗੁਰੂ ਸਾਹਿਬ ਦਾ ਬਗਦਾਦ ਤਾਂ ਜਾਣਾ ਬਣਦਾ ਹੀ ਸੀ ਪਰ ਕਈ ਲਿਖਾਰੀ ਬਿਨਾਂ ਸੋਚੇ ਸਮਝੇ ਗੁਰੂ ਸਾਹਿਬ ਦਾ ਕਾਇਰੋ, ਦਮਿਸ਼ਕ (ਸਾਮ-ਸੀਰੀਆ) ਅਤੇ ਰੋਮ ਤਬਰੇਜ, ਤਹਿਰਾਨ, ਮਸ਼ਹਦ, ਸਮਰਕੰਦ, ਤਾਸ਼ਕੰਦ ਆਦਿ ਜਾਣਾ ਵੀ ਲਿਖ ਗਏ ਹਨ। (ਫਿਰ ਅੱਜ ਕਲ ਦੇ ਲਿਖਾਰੀ ਤਾਂ ਗੁਰੂ ਸਾਹਿਬ ਨੂੰ ਸਿੰਘਾਪੁਰ, ਅਤੇ ਕੁਝ ਇੰਸਤਨਬੂਲ, ਰੋਮ ਅਤੇ ਇਥੋਂ ਤਕ ਕਿ ਫਰਾਂਸ ਅਤੇ ਕਨੇਡਾ ਅਮਰੀਕਾ ਤਕ ਜਾਣਾ ਲਿਖ ਰਹੇ ਨੇ। ◆)



ਕਾਦਰੀਆ ਸੂਫੀ ਮਤ ਦੇ ਬਾਨੀ ਅਬਦੁਲ ਕਾਦਿਰ ਗਿਲਾਨੀ ਦਾ ਮਕਬਰਾ- ਬਗਦਾਦ

ਇਹ ਗਲ ਸਾਡੀ ਤੁੱਛ ਸਮਝ ਤੋਂ ਬਾਹਰੀ ਹੈ। ਅਸੀ ਫਿਰ ਦੁਹਰਾ ਦਈਏ ਗੁਰੂ ਸਾਹਿਬ ਲਗਾਤਾਰ ਇਕ ਮਿਸ਼ਨ ਲੈ ਕੇ ਚਲ ਰਹੇ ਹੁੰਦੇ ਨੇ। ਉਹ ਸੈਰ ਨਹੀ ਸੀ ਕਰ ਰਹੇ। ਪ੍ਰਦੇਸ ਵਿਚ ਗੁਰੂ ਸਾਹਿਬ ਸਿਰਫ ਓਥੇ ਓਥੇ ਹੀ ਪਧਾਰੇ ਜਿੱਥੇ ਕਿਸੇ ਨਾਂ ਕਿਸੇ ਤਰਾਂ ਭਾਰਤੀ ਉਪ-ਮਹਾਂਦੀਪ ਦੇ ਲੋਕਾਂ ਦਾ ਆਉਣਾ ਜਾਣਾ ਜਾਂ ਕੋਈ ਸਬੰਧ ਸੀ।

-----◆-----

**ਬਾਂਗ ਦਿਤੀ –** ਬਗਦਾਦ ਪਹੁੰਚ ਬਾਬੇ ਨੇ ਨਵਾਂ ਪੁਆੜਾ ਖੜਾ ਕਰ ਦਿੱਤਾ। ਜਿਵੇ ਮੌਲਵੀ ਬਾਂਗ ਦਿੰਦੇ ਨੇ ਇਕ ਦਿਨ ਸਵੇਰੇ ਮਨੇਰੇ ਗੁਰੂ ਸਾਹਿਬ ਨੇ ਅਜਾਨ (ਉੱਚੀ ਸਾਰੀ ਬਾਂਗ) ਦਿੱਤੀ, "ਜੋ ਬੋਲੇ ਸੋ ਨਿਹਾਲ- ਸਤਿ ਸ੍ਰੀ ਅਕਾਲ" ਮਰਦਾਨਾ ਵੀ ਕਿਹੜਾ ਘੱਟ ਸੀ ਉਸ ਨੇ "ਸਤਿ ਕਰਤਾਰ" "ਸਤਿ ਕਰਤਾਰ" ਦੇ ਨਾਹਰੇ ਮਾਰ ਦਿੱਤੇ।

ਬਾਬੇ ਹੁਰਾ ਦਰਿਆ ਦਜ਼ਲਾ ਕੰਢੇ ਡੇਰਾ ਲਾਇਆ ਸੀ। ਨੇੜੇ ਹੀ ਕੁਝ ਮਕਬਰੇ ਸਨ ਜਿੰਨਾਂ ਦੇ ਮਜੌਰਾਂ ਜਦੋਂ ਇਹ ਵਖਰੀ ਹੀ ਬਾਂਗ ਸੁਣੀ ਤਾਂ ਦਿਨ ਚੜੇ ਜਗਿਆਸਾ ਕਾਰਨ ਆ ਪਹੁੰਚੇ ਕਿ ਇਥੇ ਕੌਣ ਨਵਾ ਬੰਦਾ ਆਇਆ ਜਿਸ ਨੇ ਨਵੀ ਹੀ ਬਾਂਗ ਦੇ ਦਿੱਤੀ ਹੈ। ਗਲ ਬਾਤ ਤੋਂ ਉਨਾਂ ਨੂੰ ਪਤਾ ਲੱਗਾ ਕਿ ਇਹ ਦਰਵੇਸ਼ ਹਿੰਦੁਸਤਾਨ ਤੋਂ ਆਏ ਨੇ।

ਭਾਈ ਗੁਰਦਾਸ ਨੇ ਬਾਬੇ ਦੀ ਬਗਦਾਦ ਫੇਰੀ ਨੂੰ ਕੁਝ ਇਸ ਤਰਾਂ ਬਿਆਨ ਕੀਤਾ ਹੈ:-

**ਬਾਬਾ ਗਇਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ॥**

ਪੈੜ ਸਫਾ

◆ ਇਹ ਗੁਪਤ ਅਜੈਂਸੀਆਂ ਦੀ ਦਾਅ ਪੇਚ ਦੀ ਨੀਤੀ ਤਹਿਤ ਕੀਤਾ ਜਾਂਦਾ ਹੈ। ਕਿਸੇ ਗਲ ਨੂੰ ਝੁਠਲਾਉਣਾ ਹੋਵੇ ਤਾਂ ਉਸ ਨੂੰ ਅੱਤ ਦੀ ਹੱਦ ਤਕ ਖਿੱਚ ਦਿਤਾ ਜਾਂਦਾ ਹੈ ਤਾਂ ਕਿ ਲੋਕ ਅਜਿਹੇ ਸਿਧਾਂਤ ਨੂੰ ਗੈਰਵਿਹਾਰਿਕ ਸਮਝਣ ਲੱਗ ਜਾਣ ਤੇ ਅਸਲੀਅਤ ਤੇ ਵੀ ਸ਼ੱਕ ਕਰਨਾਂ ਸ਼ੁਰੂ ਕਰ ਦੇਣ।

ਏਸੇ ਹੀ ਨੀਤੀ ਤਹਿਤ ਅੱਜ ਦੇ ਅੱਤ-ਦੇ-ਮਿਸ਼ਨਰੀ (Extremist Missionaries) ਕੰਮ ਕਰ ਰਹੇ ਹਨ। ਸਿੱਖੀ ਵਿਚ ਮਿਸ਼ਨਰੀ ਵਿਚਾਰਧਾਰਾ ਸੁਧਾਰਵਾਦੀ ਹੈ ਜਿਸ ਤਹਿਤ ਸਿੱਖੀ ਨੂੰ ਜੋਗੀ ਵਿਚਾਰਧਾਰਾ (ਡੇਰਾਵਾਦ) ਦੇ ਅਸਰ ਤੋਂ ਮੁਕਤ ਕਰਾਉਣਾ ਹੈ। ਪਰ ਸਰਕਾਰਾਂ ਅਜਿਹਾ ਨਹੀ ਚਾਹੁੰਦੀਆਂ। ਉਹਨਾਂ ਫਿਰ ਹਿੱਟ ਬਿਫੋਰ ਹਿੱਟ ਦੇ ਸਿਧਾਂਤ ਦੇ ਤਹਿਤ ਅੱਤ-ਮਿਸ਼ਨਰੀਆਂ ਨੂੰ ਉਤਸ਼ਾਹ ਦਿਤਾ ਹੈ। ਇਹਨਾਂ ਅਖੌਤੀ ਮਿਸ਼ਨਰੀਆਂ ਫਿਰ ਇਥੋਂ ਤਕ ਕਿ ਨਾਮ ਦੇ ਸਿਧਾਂਤ ਦਾ ਮਖੌਲ ਉਡਾਉਣਾ ਵੀ ਸ਼ੁਰੂ ਕਰ ਦਿਤਾ ਹੈ। ਇਕ ਮਸ਼ੀਨਰੀ ਨੇ ਤਾਂ ਇਥੋਂ ਤਕ ਲਿਖਿਆ ਹੈ ਕਿ ਜੇ ਨਾਮ ਜੱਪਣ ਨਾਲ ਹੀ ਚੜ੍ਹਤ ਮਿਲਣੀ ਹੁੰਦੀ ਹੈ ਤਾਂ ਗੁਰੂ ਨਾਨਕ ਨੂੰ ਚੱਕੀ ਨਾਂ ਪਿਹਣੀ ਪੈਂਦੀ, ਪੰਚਮ ਨਾਨਕ ਅਤੇ ਨੌਵੇ ਨਾਨਕ ਨੂੰ ਸ਼ਹੀਦੀ ਨਾਂ ਦੇਣੀ ਪੈਂਦੀ।

ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥
ਦਿਤੀ ਬਾਂਗ ਨਿਮਾਜ਼ ਕਰ ਸੁੰਨ ਸਮਾਨ ਹੋਯਾ ਜਹਾਨਾ॥
ਸੁੰਨ ਮੁੰਨ ਨਗਰੀ ਭਈ ਦੇਖ ਪੀਰ ਭਇਆ ਹੈਰਾਨਾ॥
ਵੇਖੈ ਧਿਆਨ ਲਗਾਇ ਕਰ ਇਕ ਫਕੀਰ ਵਡਾ ਮਸਤਾਨਾ॥
ਪੁਛਿਆ ਫਿਰਕੇ ਦਸਤਗੀਰ ਕੌਨ ਫਕੀਰ ਕਿਸ ਕਾ ਘਰਾਨਾ॥
ਨਾਨਕ ਕਲਿ ਵਿਚ ਆਇਆ ਰਬ ਫਕੀਰ ਇਕ ਪਹਿਚਾਨਾ॥
ਧਰਤ ਅਕਾਸ ਚਹੂੰ ਦਿਸ ਜਾਨਾ ॥

ਪੀਰ ਰੁਕਨੁਦੀਨ ਤੇ ਮੁਹੰਮਦ ਗੌਂਸ ਨੇ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਬਾਬਾ ਨਾਨਕ ਖ਼ੁੱਦਾ ਨੂੰ ਪਹੁੰਚਿਆ ਹੋਇਆ ਪੈਗੰਬਰ ਹੈ। ਇਹ ਸੁਣ ਕੱਟੜਪੰਥੀਆ ਨੂੰ ਹੋਰ ਈਰਖਾ ਹੋਈ। ਓਧਰ ਕਾਦਰੀਆ ਸੂਫੀ ਮੱਤ ਦੇ ਬਾਨੀ ਹਜਰਤ ਅਬਦੁਲ ਕਾਦਰ ਗਿਲਾਨੀ ਦਾ ਮਕਬਰਾ (ਦਰਗਾਹ) ਸਫਵੀ ਹਕੂਮਤ ਨੇ ਢਹਾ ਦਿੱਤਾ ਹੋਇਆ ਸੀ। ਬਗਦਾਦ ਦੇ ਸੁੰਨੀ ਲੋਕਾਂ ਨੇ ਸਮਝਿਆ ਕਿ ਇਸ ਨਵੇ ਫਕੀਰ ਦਾ ਬਗਦਾਦ ਵਿਚ ਆਉਣਾ ਸੁੰਨੀ ਮਤ ਉਤੇ ਸਫਵੀ ਹਕੂਮਤ ਵਲੋਂ ਇਕ ਹੋਰ ਹਮਲਾ ਹੈ। ਸਾਰੇ ਸ਼ਹਿਰ ਵਿਚ ਖੁਸਰ ਫੁਸਰ ਚਲ ਰਹੀ ਸੀ। ਈਰਾਨੀ ਹੁਕਮਰਾਨਾਂ ਨੂੰ ਬਾਬੇ ਨਾਨਕ ਬਾਰੇ ਕੋਈ ਖਬਰ ਨਹੀ ਸੀ ਪਰ ਸ਼ਹਿਰ ਵਿਚ ਅਫਵਾਹ ਸੀ ਕਿ ਇਹ ਕੋਈ ਸ਼ੀਆ ਫਕੀਰ ਹੀ ਹੈ ਜਿਸ ਨੇ ਅਜਾਨ ਬਦਲ ਦਿੱਤੀ ਹੈ। ਯਾਦ ਰਹੇ ਬਗਦਾਦ ਸੁੰਨੀ ਬਹੁਗਿਣਤੀ ਸ਼ਹਿਰ ਹੈ।

ਕੁਝ ਲਿਖਾਰੀਆਂ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਦਾ ਮੇਲ ਹਜਰਤ ਗਿਲਾਨੀ ਦੇ ਉਸ ਵੇਲਿਆਂ ਦੇ ਜਾਨਸ਼ੀਨ ਨਾਲ ਹੋਇਆ। ਪਰ ਇਸ ਗਲ ਵਿਚ ਸੱਚਾਈ ਨਜਰ ਨਹੀ ਆਉਦੀ ਕਿਉਕਿ ਰਾਜਨੀਤਕ ਤੇ ਮਜ੍ਹਬੀ ਦਮਨ ਕਰਕੇ ਸੁੰਨੀ ਉਲੇਮਾ (ਮਹਾਂਪੁਰਖ) ਗੁਰੂ ਸਾਹਿਬ ਦੇ ਆਮਦ ਵੇਲੇ ਤੱਕ ਇਥੋਂ ਦੌੜ ਜਾ ਚੁੱਕੇ ਸਨ ਜਾਂ ਫਿਰ ਮਾਰੇ ਗਏ ਸਨ।

ਹਿੰਦ ਦੇ ਪੀਰ ਦੇ ਡੇਰੇ ਤੇ ਜਗਿਆਸੂ ਦੀ ਭੀੜ ਵਧਦੀ ਜਾ ਰਹੀ ਸੀ। ਜਦੋਂ ਕਦੀ ਗੁਰੂ ਸਾਹਿਬ ਦੀ ਇਕੱਲਿਆ ਨਿਰੰਕਾਰ ਨਾਲ ਲਿਵ ਲਗੀ ਹੁੰਦੀ ਤਾਂ ਦੂਰ ਪਰੇ ਮਰਦਾਨਾ ਬੜੇ ਅਨੰਦ ਨਾਲ ਰਬਾਬ ਤੇ ਅਕਸਰ ਗੁਰਬਾਣੀ ਗਾਇਆ ਕਰਦਾ ਸੀ। ਲੋਕ ਪੁੱਛਦੇ ਸਨ ਕਿ ਇਹ ਭਾਈ ਕੀ ਗਾਉਦਾ ਰਹਿੰਦਾ ਹੈ। ਨਾਲ ਜਿਹੜੇ ਫਕੀਰ ਮਦੀਨੇ ਤੋਂ ਆਏ ਸਨ ਉਨਾਂ ਲੋਕਾਂ ਨੂੰ ਦੱਸਿਆ ਕਿ ਇਹ ਬਾਬੇ ਨਾਨਕ ਦਾ ਕਲਾਮ ਹੈ।

ਲੋਕਾਂ ਨੇ ਗੁਰੂ ਸਾਹਿਬ ਦੇ ਖਿਲਾਫ ਇਕ ਬਹਿਲੋਲ ਦਾਨਾ ਨਾਂ ਦੇ ਪੀਰ ਨੂੰ ਜਾ ਦੱਸਿਆ ਕਿ ਹਿੰਦ ਤੋਂ ਕੁਝ ਫਕੀਰ ਆਏ ਨੇ ਜੋ ਇਸਲਾਮੀ ਸ਼ਰਾ ਦੀ ਪ੍ਰਵਾਹ ਕੀਤੇ ਬਗੈਰ ਆਪਣੀ ਅੱਜਾਨ ਦੇ ਰਹੇ ਨੇ। ਬਹਿਲੋਲ ਨੇ ਬਾਬੇ ਦੇ ਡੇਰੇ ਤੇ ਖ਼ੁੱਦ ਪਹੁੰਚ, ਆ ਗੁਰੂ ਸਾਹਿਬ ਨਾਲ ਗੁਫਤਗੂ ਸ਼ੁਰੂ ਕੀਤੀ। ਜਦੋਂ ਬਹਿਲੋਲ ਬਾਬੇ ਦੇ ਡੇਰੇ ਪਹੁੰਚਿਆ, ਓਦੋਂ ਸਾਹਿਬ ਮਰਦਾਨੇ ਦੀ ਰਬਾਬ ਤੇ ਊੱਚੀ ਸੁਰ ਵਿਚ ਸਬਦ ਗਾ ਰਹੇ ਸਨ:-

ਮਃ ੧ ॥ ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥ ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥ ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥

ਲੰਮਾ ਸਮਾਂ ਦੋ ਤਿੰਨ ਦਿਨ ਤੱਕ ਰੂਹਾਨੀਅਤ ਬਾਬਤ ਸਵਾਲ ਜਵਾਬ ਹੁੰਦੇ ਰਹੇ। ਦੋ ਚਾਰ ਦਿਨ ਨਾਲ ਰਹਿ ਕੇ ਬਹਿਲੋਲ ਨੇ ਵੇਖਿਆ ਕਿ ਬਾਬੇ ਨਾਨਕ ਦਾ ਤਾਂ ਕੋਈ ਸਾਹ ਅਜਿਹਾ ਨਹੀ ਨਿਕਲਦਾ ਜਦੋਂ ਖ਼ੁੱਦਾ ਨੂੰ ਯਾਦ ਨਾਂ ਕਰੇ। ਅੰਤ ਵਿਚ ਬਹਿਲੋਲ ਦੀ ਚਾਰੇ ਪਾਸਿਆਂ ਤੋਂ ਨਿਸ਼ਾ ਹੋ ਗਈ ਕਿ ਹਿੰਦ ਦਾ ਪੀਰ ਖ਼ੁਦਾ ਨਾਲ ਇੱਕ ਮਿੱਕ ਹੈ। ਬਹਿਲੋਲ ਨੂੰ ਤਾਂ ਨਾਨਕ ਵਿਚੋਂ ਖ਼ੁਦਾ ਦੀ ਸੂਰਤ ਨਜਰ ਆਉਣ ਲੱਗੀ।

ਬਹਿਲੋਲ ਗੁਰੂ ਸਾਹਿਬ ਨੂੰ ਆਪਣੇ ਡੇਰੇ ਲੈ ਗਿਆ।

ਬਗਦਾਦੀ ਲੋਕਾਂ ਵਿਚ ਓਨੀ ਦਿਨੀ ਇਕ ਹੋਰ ਗਲਤ ਫਹਿਮੀ ਸੀ। ਲੋਕ ਸਮਝਦੇ ਸਨ ਕਿ ਵੱਡਾ ਪੀਰ ਹੋਣ ਵਾਸਤੇ ਜਰੂਰੀ ਹੈ ਕਿ ਬੰਦਾ ਹਜਰਤ ਮੁਹੰਮਦ ਜਾਂ ਕਿਸੇ ਹੋਰ ਖਲੀਫੇ ਦੇ ਖਾਨਦਾਨ ਵਿਚੋਂ ਹੋਵੇ। ਪਰ ਹਿੰਦ ਦੇ ਪੀਰ ਦੀ ਖ਼ੁਦਾ ਨਾਲ ਨੇੜਤਾ ਵੇਖ ਕੇ ਇਹ ਖਿਆਲ ਵੀ ਟੁੱਟਦਾ ਨਜਰ ਆ ਰਿਹਾ ਸੀ। ਜਿਸ ਕਾਰਨ ਬਾਬੇ ਦੀ ਇਸ ਮੁੱਦੇ ਕਾਰਨ ਵੀ ਮੁਖਾਲਫਤ ਸੀ।

ਪਰ ਬਾਬੇ ਨਾਨਕ ਬਾਰੇ ਦੁਹਾਈ ਚਾਰ ਚੁਫੇਰੇ ਪੈ ਚੁੱਕੀ ਸੀ। ਉਂਜ ਹੌਲੀ ਹੌਲੀ ਧਾਰਮਿਕ ਫਿਰਕਾਪ੍ਰਸਤਾਂ ਨੂੰ ਅਹਿਸਾਸ ਹੋ ਗਇਆ ਕਿ ਹਿੰਦ ਦੇ ਜਿਹੜੇ ਪੀਰ ਆਏ ਨੇ, ਨਾਂ ਇਹ ਸ਼ੀਆ ਨੇ ਤੇ ਨਾਂ ਹੀ ਸੁੰਨੀ ਹਨ। ਹਾਲਾਂ ਕਈਆਂ ਨੂੰ ਇਸ ਗਲ ਤੇ ਵੀ ਬੁਰਾ ਲਗਦਾ ਸੀ ਜਿਹੜਾ ਫਕੀਰ ਹੋ ਕੇ ਮਰਦਾਨਾ ਰਬਾਬ ਵਜਾਉਦਾ ਸੀ। ਉਹ ਸਮਝਦੇ ਸਨ ਕਿ ਇਸ ਤਰਾਂ ਸਾਜ ਵਜਾਉਣਾ ਹਰਾਮ ਹੈ। ਮਰਦਾਨੇ ਨੇ ਲੋਕਾਂ ਨੂੰ ਓਹੋ ਦਲੀਲ ਦੇ ਕੇ ਕਾਇਲ ਕਰ ਲਿਆ ਜਿਹੜੀ ਗੁਰੂ ਸਾਹਿਬ ਨੇ ਮਦੀਨੇ ਦਿੱਤੀ ਸੀ। ਫਿਰ ਖ਼ੁਦਾ ਦੀ ਉਸਤਤ ਵਿਚ ਸੰਗੀਤ ਹਰਾਮ ਨਹੀ ਸਗੋਂ ਮਨਜ਼ੂਰ ਹੁੰਦਾ ਹੈ।

ਉਨਾਂ ਇਹ ਵੀ ਸੁਣ ਰੱਖਿਆ ਸੀ ਕਿ ਹਿੰਦ ਦੇ ਲੋਕ ਬੁੱਤ ਪ੍ਰਸਤ ਨੇ ਪਰ ਇਹ ਫਕੀਰ (ਨਾਨਕ) ਤਾਂ ਬੁੱਤਾਂ ਨੂੰ ਨਹੀ ਮੰਨਦਾ। ਇਹ ਉਨਾਂ ਨੂੰ ਹੈਰਾਨੀ ਸੀ।

ਨਾਨਕ ਹਜਰਤ ਮੁਹੰਮਦ ਨੂੰ ਖ਼ੁੱਦਾ ਦਾ ਆਖਰੀ ਰਸੂਲ ਵੀ ਨਹੀ ਮੰਨਦਾ। ਪਰ ਉਹ ਇੰਨੀ ਕੁ ਗਲ ਨੂੰ ਬਰਦਾਸ਼ਤ ਕਰਨ ਨੂੰ ਤਿਆਰ ਸਨ, 'ਆਖਿਰ ਬੰਦਾ ਮੁਖਤਲਿਫ ਮਜ੍ਹਬ ਦਾ ਹੈ'।

ਉਹ ਇਹ ਵੀ ਬਰਦਾਸ਼ਤ ਕਰ ਰਹੇ ਸਨ ਕਿ ਹਿੰਦ ਦਾ ਪੀਰ ਮਸੀਤ ਤੇ ਕਬਰਾਂ ਨੂੰ ਪਵਿਤ੍ਰ ਨਹੀ ਮੰਨਦਾ। ਨਾਂ ਹੀ ਇਹ ਰੋਜੇ ਰਖਣ ਵਿਚ ਵਿਸ਼ਵਾਸ਼ ਕਰਦਾ ਹੈ। ਨਾਂ ਹੀ ਨਮਾਜ ਗੁਜਾਰਦੇ ਹਨ। ਬਗਦਾਦੀਏ ਉਂਜ ਮਰਦਾਨੇ ਕੋਲੋਂ ਏਨੀ ਗਲ ਸੁਣ ਕੇ ਖੁਸ਼ ਸਨ ਕਿ ਨਾਨਕ ਪੀਰ ਜਾਤ ਪਾਤ ਦੇ ਭੇਦ ਭਾਵ ਨੂੰ ਨਹੀ ਮੰਨਦਾ। ਉਨਾਂ ਨੂੰ ਜਿਆਦਾ ਹੈਰਾਨੀ ਨਹੀ ਸੀ ਹੋ ਰਹੀ ਕਿ ਨਾਨਕ ਪੀਰ ਕਿਆਮਤ ਦੇ ਸਿਧਾਂਤ ਨੂੰ ਨਹੀ ਮੰਨਦਾ। ਕਿਉਕਿ ਮੁਸਲਮਾਨ ਵਿਦਵਾਨਾਂ ਸੁਣਿਆ ਹੋਇਆ ਸੀ ਕਿ ਹਿੰਦ ਦੇ ਲੋਕ ਕਿਆਮਤ ਦੇ ਸਿਧਾਂਤ ਨੂੰ ਨਹੀ ਮੰਨਦੇ। ਫਿਰ ਬਗਦਾਦ ਦੇ ਇਲਾਕੇ ਵਿਚ ਹੋਰ ਲੋਕ ਜਿਵੇ ਈਸਾਈ ਵੀ ਨੇ ਜਿਹੜੇ ਖਤਨਾ (ਸੁੰਨਤ) ਨਹੀ ਕਰਦੇ। ਉਨਾਂ ਨੂੰ ਇਸ ਗਲ ਤੋਂ ਵੀ ਹੈਰਾਨੀ ਨਹੀ ਸੀ ਕਿ ਇਹ ਪੀਰ ਜਾਨਵਰਾਂ ਦੇ ਕੁਰਬਾਨੀ ਦੇਣ ਦੇ ਅਸੂਲ ਨੂੰ ਪਵਿਤ੍ਰ ਨਹੀ ਮੰਨਦਾ।

ਪਰ ਜਦੋਂ ਬਗਦਾਦੀਆਂ ਨੂੰ ਪਤਾ ਲਗਾ ਕਿ ਇਹ ਫਕੀਰ ਹਿੰਦ ਦੇ

ਹੋਣ ਦੇ ਬਾਵਜੂਦ ਨਾਂ ਗਊ ਨੂੰ ਪਵਿਤ੍ਰ ਮੰਨਦੇ ਹਨ ਤੇ ਨਾਂ ਹੀ ਹਿੰਦੂ ਵੇਦਾਂ ਸ਼ਾਸਤਰਾਂ ਨੂੰ। ਇਹ ਜਾਤ ਪਾਤ ਵੀ ਨਹੀ ਮੰਨਦੇ। ਇਹ ਹੋਰ ਵੀ ਅਨੇਕਾਂ ਹਿੰਦੂ ਅਸੂਲਾਂ ਤੇ ਸਿਧਾਂਤਾ ਨੂੰ ਨਹੀ ਮੰਨਦੇ ਤਾਂ ਉਨਾਂ ਨੂੰ ਉਤਸੁਕਤਾ ਸੀ ਕਿ ਫਿਰ ਇਹ ਸਿਧਾ ਮੁਸਲਮਾਨ ਹੀ ਕਿਓ ਨਹੀ ਬਣ ਜਾਂਦੇ। ਕਿਉਕਿ ਇਹ ਪੀਰ ਇਕ ਖੁਦਾ ਦੇ ਸਿਧਾਂਤ ਨੂੰ ਤਾਂ ਮੰਨਦੇ ਨੇ।

ਪਰ ਜਦੋਂ ਉਨਾਂ ਨੂੰ ਪਤਾ ਲੱਗਾ ਕਿ ਹਿੰਦ ਦਾ ਪੀਰ 14 ਤਬਕਾਂ (7 ਅਸਮਾਨ, 7 ਪਤਾਲ) ਦੇ ਸਿਧਾਂਤ ਨੂੰ ਨਹੀ ਮੰਨਦਾ ਤੇ ਇਹ (ਗੁਰੂ ਨਾਨਕ) ਕਹਿੰਦਾ ਹੈ ਕਿ ਬ੍ਰਹਿਮੰਡ ਬੇਅੰਤ ਹੈ ਤੇ ਬੇਅੰਤ ਹੀ ਧਰਤੀਆਂ, ਬੇਅੰਤ ਸੂਰਜ, ਬੇਅੰਤ ਅਕਾਸ਼ ਤੇ ਪਤਾਲ ਹਨ। ਮਰਦਾਨਾ ਤਾਂ ਬਿਨ ਨਾਗਾ ਜਪੁ ਜੀ ਪੜਿਆ ਕਰਦਾ ਸੀ।

**"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥"**

ਫਿਰ ਜਦੋਂ ਬੇਅੰਤ ਅਕਾਸ਼ ਪਤਾਲ ਹੋਣ ਦੀ ਗਲ ਤੇ ਬਗਦਾਦੀ ਲੋਕ ਭੜਕ ਉਠੇ। ਕਿਉਕਿ ਉਹ ਸਮਝਦੇ ਸਨ ਕਿ ਇਹ ਫਕੀਰ ਹੈ ਤਾਂ ਇਕ ਤਰਾਂ ਨਾਲ ਮੁਸਲਮਾਨ ਹੀ ਹਨ ਪਰ ਇਹ ਇਸਲਾਮੀ ਸ਼ਰਾ ਤੋਂ ਬਾਗੀ ਹਨ।

ਫਿਰ ਅੰਤ ਨੂੰ ਸ਼ਕਾਇਤ ਬਗਦਾਦ ਦੇ ਇਮਾਮ ਮੁਹੰਮਦ ਖਾਨ ਬਿਨ ਸ਼ਰਫ ਅਲਦੀਨ ਤੱਕ ਪਹੁੰਚ ਗਈ।

ਗੁਰੂ ਸਾਹਿਬ ਨੂੰ ਇਮਾਮ (ਹਾਕਿਮ) ਦੇ ਸਾਹਮਣੇ ਪੇਸ਼ ਹੋਣ ਦੇ ਹੁਕਮ ਹੋ ਗਏ।

-----◈-----

## ਬਾਬੇ ਨੂੰ ਇਮਾਮ ਅੱਗੇ ਪੇਸ਼ ਕੀਤਾ ਗਇਆ

ਜਦੋਂ ਰਾਜੇ (ਵਾਲੀ ਜਾਂ ਗਵਰਨਰ ਜਾਂ ਹਾਕਿਮ ਜਾਂ ਇਮਾਮ ਵੀ) ਸ਼ਾਹ ਸਰਫ ਅੱਗੇ ਗੁਰੂ ਸਾਹਿਬ ਨੂੰ ਪੇਸ਼ ਕੀਤਾ ਗਇਆ ਕਿ ਇਹ ਫਕੀਰ ਇਸਲਾਮ ਤੋਂ ਵੱਖਰੀ ਗਲ ਕਰਕੇ ਉਮੱਤ ਨੂੰ ਗੁਮਰਾਹ ਕਰ ਰਿਹਾ ਹੈ। ਰਾਜੇ ਨੂੰ ਇਹ ਵੀ ਦੱਸਿਆ ਗਇਆ ਕਿ ਇਹ ਪੀਰ ਹਿੰਦੂ ਨਹੀ ਹੈ। ਇਹ ਇਸਲਾਮ ਦੀਆਂ ਕਈ ਗੱਲਾਂ ਮੰਨਦਾ ਹੈ।ਪਰ ਜਿੰਨਾਂ ਗੱਲਾਂ ਤੋਂ ਮੁਨੱਕਰ ਹੈ ਉਹ ਦਰਬਾਰ ਨੂੰ ਦੱਸੇ ਕਿ ਇਹ ਬਾਗੀ ਕਿਓ ਹੈ? ਕਿਉਕਿ ਇਤਹਾਸ ਵਿਚ ਜੋ ਸਵਾਲ ਜਵਾਬ ਮੌਜੂਦ ਹਨ ਉਸ ਤੇ ਇਹ ਵੀ ਸ਼ੱਕ ਪੈਦਾ ਹੈ ਕਿ ਗੁਰੂ ਸਾਹਿਬ ਤੇ ਅਗਲਿਆਂ ਇਹ ਵੀ ਸ਼ੱਕ ਕੀਤਾ ਸੀ ਕਿ ਆਇਆ ਇਹ ਕੋਈ ਫਕੀਰ ਹੈ ਵੀ ਸਹੀ? ਕਿਤੇ ਕੋਈ ਦੁਸ਼ਮਣ ਹਕੂਮਤ ਦਾ ਜਸੂਸ ਨਾਂ ਹੋਵੇ। ਤਾਂ ਉਸ ਵੇਲੇ ਸ਼ਾਹ ਸਰਫ ਨਾਲ ਗੁਰੂ ਸਾਹਿਬ ਦੇ ਨਾਲ ਜੋ ਸਵਾਲ ਜਵਾਬ ਹੋਏ ਓਨਾਂ ਵਿਚੋਂ ਲਗਦਾ ਹੈ ਕਿ ਸ਼ਾਹ ਸਰਫ ਹਿੰਦੁਸਤਾਨ ਬਾਰੇ ਜਾਨਣ ਲਈ ਵੱਡੀ ਜਗਿਆਸਾ ਰਖਦਾ ਹੈ। ਹੈ ਤਾਂ ਉਹ ਤੁਰਕ ਪਰ ਉਹ ਫਾਰਸੀ ਹੀ ਬੋਲਦਾ ਹੈ। ਪਰ ਉਨੂੰ ਹਿੰਦੁਸਤਾਨ ਬਾਬਤ ਕੁਝ ਇਲਮ ਹੈਗਾ। ਫਿਰ ਓਨੀ ਦਿਨੀ ਬੰਦਾ ਉਹੀ ਪੜਿਆ ਲਿਖਿਆ ਗਿਨਿਆ ਜਾਂਦਾ ਸੀ ਜਿਨੂੰ ਮਜ੍ਹਬੀ ਗਿਆਨ ਵੀ ਹੋਵੇ।

ਸ਼ਾਹ ਸਰਫ ਨੇ ਬਾਬੇ ਨੂੰ ਪਹਿਲਾ ਸਵਾਲ ਕੀਤਾ ਕਿ ਫਕੀਰ ਜੀ ਤੁਸੀ ਕੌਣ ਹੋ?

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਪਹਿਲਾਂ ਤਾਂ ਕਿਸੇ ਫਕੀਰ ਕੋਲੋਂ ਇਹ ਪੁੱਛਣਾ "ਕਿ ਤੁਸੀ ਕੌਣ ਹੋ", ਖਾਸ ਕਰਕੇ ਜਦੋਂ ਤੁਸੀ ਖੁਦ ਮੰਨ ਰਹੇ ਹੋ ਕਿ ਮੈਂ ਫਕੀਰ ਹਾਂ, ਇਕ ਤਰਾਂ ਨਾਲ ਫਕੀਰ ਨਾਲ ਧੱਕਾ ਹੈ। ਕਿਉਕਿ ਫਕੀਰ ਨੇ ਤਾਂ ਆਪਾ ਮਿਟਾ ਦਿੱਤਾ ਹੁੰਦਾ ਹੈ। ਬੰਦਾ ਤਾਂ ਫਕੀਰੀ ਹਾਸਲ ਹੀ ਆਪਾ ਮਿਟਾਉਣ ਨੂੰ ਕਰਦਾ ਹੈ।

ਅਗਲਾ ਸਵਾਲ ਸ਼ਾਹ ਨੇ ਕੀਤਾ ਕਿ ਠੀਕ ਹੈ ਪਰ ਕਿਹੜੇ ਦੇਸ ਦੇ ਹੋ ? (ਕੁਜਾਮਨੀ। ਕੁਜਾਮਨੀ)

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਮੇਰਾ ਓਹੋ ਦੇਸ ਹੈ ਜੋ ਖੁਦਾ ਦਾ ਹੈ। (ਯਾਮਨੀ। ਯਾਮਨੀ)

ਗੁਰੂ ਸਾਹਿਬ ਨੇ ਫਿਰ ਸ਼ਾਹ ਸਰਫ ਨੂੰ ਬੜੀ ਹਲੀਮੀ ਨਾਲ ਫਰਮਾਇਆ ਕਿ ਸਾਧੂਆਂ ਫਕੀਰਾਂ ਨੂੰ ਤੁਸੀ ਕੀ ਸਵਾਲ ਪੁੱਛਣੇ ਨੇ। ਉਹ ਤਾਂ ਜੀਂਦੇ ਜੀਅ ਮਰ ਚੁੱਕੇ ਹੁੰਦੇ ਨੇ। ਫਕੀਰਾਂ ਦਾ ਨਾਂ ਕੋਈ ਘਰ ਹੁੰਦਾ, ਨਾਂ ਕੋਈ ਸਲੀਕਾ ਆ, ਫਕੀਰ ਦਾ ਜੀਵਨ ਹੀ ਭਗਤੀ ਆ, ਦੁਨਿਆਈ ਦੀ ਪੈਰਾਂ ਦੀ ਖਾਕ ਹੈ, ਨਿਮ੍ਰਤਾ ਫਕੀਰ ਦਾ ਘਰ ਹੈ ਤੇ ਖਾਮੋਸ਼ੀ ਖਜਾਨਾ ਹੈ। ਗੁਰੂ ਸਾਹਿਬ ਨੇ ਸ਼ਾਹ ਨੂੰ ਸਮਝਾਇਆ ਕਿ ਜਦੋਂ ਫਕੀਰ ਦਾ ਆਪ ਹੀ ਨਹੀ ਰਹਿ ਗਇਆ ਤਾਂ ਕਿਹੜਾ ਘਰ ਬਾਰ ਤੇ ਕਿਹੜਾ ਫਕੀਰ ਦਾ ਦੇਸ। ਸਬਰ, ਸਬੂਰੀ, ਹਲੀਮੀ ਮੁਕਦੀ ਗਲ ਫਕੀਰ ਜਿੰਦਾ ਲਾਸ਼ ਹੁੰਦੀ ਹੈ। ਸੋ ਹੋਰ ਪੁੱਛ ਲੈ ਕੀ ਪੁੱਛਣਾ ਈ। ਫਾਰਸੀ ਵਿਚ ਬੜਾ ਵਿਸਥਾਰ ਨਾਲ ਗੁਰੂ ਸਾਹਿਬ ਦਾ ਜਵਾਬ ਦੇਣਾ ਦੱਸਿਆ ਗਇਆ ਹੈ।**

ਕਾਫੀ ਦੇਰ ਸਵਾਲ ਜਵਾਬ ਹੁੰਦੇ ਰਹੇ। ਗੁਰੂ ਸਾਹਿਬ ਦੇ ਜਵਾਬ ਸੁਣ ਉਹਦੀ ਜਗਿਆਸਾ ਵਧਦੀ ਹੀ ਗਈ। ਹਾਲਾਂ ਸ਼ਾਹ ਸਰਫ ਤਾਂ ਰੂਹਾਨੀਅਤ ਪੱਖੋ ਲਾ ਜਵਾਬ ਹੋ ਚੁੱਕਾ ਸੀ। ਮੱਕੇ ਮਦੀਨੇ ਦੀ ਗੋਸ਼ਟਿ ਵਿਚ ਸ਼ਾਹ ਸਰਫ ਨਾਲ ਗਲ ਬਾਤ ਦਾ ਲੰਮਾ ਵਿਸਥਾਰ ਦਿੱਤਾ ਹੈ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਚੋਖਾ ਚਿਰ ਬਾਦ ਲਿਖੀ ਗਈ ਇਸ ਵਾਰਤਾਲਾਪ ਦੇ ਲਿਖਾਰੀਆਂ ਨੂੰ ਬਦਕਿਸਮਤੀ ਨਾਲ ਸ਼ਾਹ ਸਰਫ ਦੀ ਅਸਲੀਅਤ ਬਾਰੇ ਬਹੁਤਾ ਗਿਆਨ ਨਹੀ ਹੈ।

ਕਿਉਕਿ ਗੁਰੂ ਸਾਹਿਬ ਦਾ ਪਹਰਾਵਾ ਪੂਰੀ ਤਰਾਂ ਫਕੀਰਾਂ ਵਾਲਾ ਨਹੀ ਸੀ। ਅਗਲੇ ਸਮਝ ਰਹੇ ਸਨ ਕਿ ਸ਼ਾਇਦ ਹਿੰਦੁਸਤਾਨੀ ਸਾਧੂ ਸੰਤ ਕੁਝ ਅਜਿਹੇ ਹੀ ਹੁੰਦੇ ਹਨ। ਓਥੇ ਵੀ ਗੁਰੂ ਸਾਹਿਬ ਨੇ ਸਮਝਾਇਆ ਕਿ ਅਜਿਹੇ ਫਕੀਰ ਹੋਣ ਦਾ ਕੋਈ ਫਾਇਦਾ ਨਹੀ ਜੇ ਅੰਦਰ ਤ੍ਰਿਸ਼ਨਾ ਦੀ ਅਗਨ ਲੱਗੀ ਹੈ ਤੇ ਬਾਹਰ ਪਹਿਰਾਵਾ ਫਕੀਰ ਦਾ ਹੈ। ਫਕੀਰੀ ਦਿਲੋਂ ਹੋਵੇ ਬੇਸ਼ੱਕ ਗ੍ਰਿਸਤ ਵਿਚ ਰਹੇ। ਜਿਵੇ ਗੁਰੂ ਸਾਹਿਬ ਨੇ ਗੁਰਮਤ ਦੇ ਸਿਧਾਂਤ ਸ਼ਾਹ ਸਰਫ ਨੂੰ ਸਮਝਾਏ ਤਾਂ ਉਹ ਅਸ਼ ਅਸ਼ ਕਰ ਉਠਿਆ।

ਜਿਵੇ ਭਾਈ ਗੁਰਦਾਸ ਨੇ ਲਿਖਿਆ ਹੈ:

ਪੁਛੇ ਪੀਰ ਤਕਰਾਰ ਕਰ ਏਹ ਫਕੀਰ ਵਡਾ ਆਤਾਈ॥
ਏਥੇ ਵਿਚ ਬਗਦਾਦ ਦੇ ਵਡੀ ਕਰਾਮਾਤ ਦਿਖਲਾਈ॥
ਪਾਤਾਲਾਂ ਆਕਾਸ ਲਖ ਓੜਕ ਭਾਲੀ ਖਬਰ ਸੁ ਸਾਈ॥
ਫੇਰ ਦੁਰਾਇਣ ਦਸਤਗੀਰ ਅਸੀ ਭਿ ਵੇਖਾਂ ਜੋ ਤੁਹਿ ਪਾਈ॥
ਨਾਲ ਲੀਤਾ ਬੇਟਾ ਪੀਰ ਦਾ ਅਖੀਂ ਮੀਟ ਗਇਆ ਹਵਾਈ॥

ਲਖ ਅਕਾਸ ਪਤਾਲ ਲਖ ਅਖ ਫੁਰਕ ਵਿਚ ਸਭ ਦਿਖਲਾਈ॥
ਭਰ ਕਚਕੌਲ ਪ੍ਰਸਾਦ ਦਾ ਧੁਰੋਂ ਪਤਾਲੋਂ ਲਈ ਕੜਾਈ॥
ਜ਼ਾਹਰ ਕਲਾ ਨ ਛਪੈ ਛਪਾਈ ॥

ਲੰਮਾਂ ਸਮਾਂ ਭਰੇ ਦਰਬਾਰ ਵਿਚ ਗਲ ਬਾਤ ਹੋਈ।

ਮੱਕੇ-ਮਦੀਨੇ ਦੀ ਗੋਸ਼ਟਿ ਵਿਚ ਇਹ ਗਲਬਾਤ ਬਹੁਤ ਵਿਸਥਾਰ ਵਿਚ ਆਈ ਹੈ। ਕਵੀ ਨੇ ਸਿੱਧਾ ਫਾਰਸੀ ਵਿਚ ਹੀ ਇਹ ਗੋਸ਼ਟਿ ਦਿਤੀ ਹੈ। ਹਾਲਾਂ ਗਲ ਬਾਤ ਦਾ ਸਥਾਨ ਮੱਕਾ ਲਿਖ ਗਇਆ ਹੈ।⊙

ਇਮਾਮ ਦਾ ਜਵਾਨ ਮੁੰਡਾ ਬਹਿਸ ਵਿਚ ਕੁਝ ਜਿਆਦਾ ਹੀ ਜੋਸ਼ ਦਿਖਾ ਰਿਹਾ ਸੀ। ਉਨੂੰ ਬਹੁਤ ਉਤਸੁਕਤਾ ਸੀ ਹਿੰਦ ਦੇ ਪੀਰ ਦੇ ਮਜ਼ਬ ਨੂੰ ਸਮਝਣ ਬਾਰੇ। ਗੁਰੂ ਸਾਹਿਬ ਨੇ ਗੁਰਮਤ ਦੇ ਸਾਰੇ ਸਿਧਾਂਤ ਬੜੇ ਪ੍ਰੇਮ ਤੇ ਅਦਬ ਨਾਲ ਭਰੇ ਦੀਵਾਨ ਨੂੰ ਸਮਝਾਏ। ਹਰ ਕੋਈ ਵਾਹ ਵਾਹ ਕਰ ਰਿਹਾ ਸੀ।

ਪਰ ਜਦੋਂ ਗਲ ਨਾ-ਹਦੂਦ (Infinite Universe ਅਸੀਮ, ਜਾਂ ਹੱਦ ਬੰਨੇ ਤੋਂ ਰਹਿਤ ) ਬ੍ਰਹਿਮੰਡ ਦੇ ਸਿਧਾਂਤ ਦੀ ਆਈ ਤਾਂ ਇਸ ਗਲ ਤੇ ਸਾਰਾ ਦੀਵਾਨ ਅੜ੍ਹ ਗਇਆ ਕਿਉਕਿ ਉਨਾਂ ਤਾਂ ਸੁਣ ਰੱਖਿਆ ਸੀ ਕਿ ਦੁਨੀਆ ਦੇ ਸਾਰੇ ਮਜ਼ਬ ਇਸ ਗਲ ਤੇ ਸਹਿਮਤ ਨੇ ਕਿ  ਸੱਤ ਅਸਮਾਨ ਤੇ ਸੱਤ ਹੀ ਪਤਾਲ ਹਨ। ਉਨਾਂ ਤਾਂ ਸੁਣਿਆ ਹੋਇਆ ਸੀ ਕਿ ਕੀ ਈਸਾਈਮਤ, ਕੀ ਯਹੂਦੀ ਇਥੋਂ ਤੱਕ ਕਿ ਹਿੰਦੂ ਤੇ ਜੈਨਮਤ ਵੀ ਇਸ ਸਿਧਾਂਤ ਨੂੰ ਮੰਨਦਾ ਹੈ।

ਓਦੋਂ ਗੁਰੂ ਨਾਨਕ ਨੂੰ ਕਿਹਾ ਗਇਆ ਕਿ ਤੁਸੀ ਕਿਸ ਅਧਾਰ ਤੇ ਇਸ ਸਰਬ ਪ੍ਰਵਾਨਤ ਸਿਧਾਂਤ ਦੀ ਖੰਡਣਾ ਕਰ ਰਹੇ ਹੋ? ਗੁਰੂ ਨੇ ੧ਓ ਦੇ ਸਿਧਾਂਤ ਦੀ ਬੜੇ ਠਰੰਮੇ ਨਾਲ ਵਿਆਖਿਆ ਕੀਤੀ। ਕਿ ਸਾਰੀ ਸ੍ਰਿਸਟੀ ਉਸ ਨਿਰਾਕਾਰ ਖੁਦਾ ਦੀ ਰਚਨਾ ਹੈ ਜਿਸ ਦੀਆਂ ਹੱਦਾਂ ਬੰਨਾਂ ਦਾ ਸਿਧਾਂਤ ਸਾਡੀ ਸਮਝ ਤੋਂ ਪਰੇ ਦੀ ਗਲ ਹੈ।

ਗੁਰੂ ਸਾਹਿਬ ਨੇ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਕੁਝ ਗੱਲਾਂ ਸਾਡਾ ਮਨੁੱਖੀ ਦਿਮਾਗ ਨਹੀ ਸਮਝ ਸਕਦਾ। ਮਨੁੱਖੀ ਸੋਚ ਸਮੇ, ਦੂਰੀ ਤੇ ਪਦਾਰਥ ਦਰਮਿਆਨ ਹੀ ਸੀਮਿਤ ਹੈ ਪਰ ਕਾਦਰ ਤੇ ਉਹਦੀ ਕੁਦਰਤ ਇਹਨਾਂ ਸਿਧਾਤਾਂ ਤੋਂ ਪਰੇ ਦੀ ਗਲ ਹੈ। ਸਾਰਾ ਦਰਬਾਰ ਇਹ ਗਲ ਸਮਝਣ ਦੀ ਕੋਸ਼ਿਸ਼ ਵਿਚ ਸੀ ਪਰ ਇਮਾਮ ਸ਼ਰਫ ਅਲਦੀਨ ਦਾ ਮੁੰਡਾ ਕਜ਼ਾਕ ਖਾਂਨ ਅੜ੍ਹ ਗਿਆ।

ਗੁਰੂ ਸਾਹਿਬ ਨੇ ਫਿਰ ਅੰਤ ਵਿਚ ਕਹਿ ਦਿੱਤਾ ਕਿ ਭਾਈ ਕਜ਼ਾਕ ਖਾਂਨ ਚਲ ਤੈਨੂੰ ਅਸੀਮ ਬ੍ਰਿਹਮੰਡ ਦਾ ਨਜਾਰਾ ਹੀ ਦਿਖਾ ਦਿੰਦੇ ਹਾਂ। ਕਜ਼ਾਕ ਖਾਂਨ ਨੂੰ ਕਿਹਾ ਗਇਆ ਕਿ ਅੱਖਾਂ ਬੰਦ ਕਰ। ਗੁਰੂ ਸਾਹਿਬ ਵੀ ਅੰਤਰ ਧਿਆਨ ਹੋਏ। ਅੱਖ ਦੇ ਪਲਕਾਰੇ ਵਿਚ ਕਜ਼ਾਕ ਖਾਂਨ ਅੱਗ ਦੇ ਵੱਡੇ ਅੰਗਿਆਰ ਸੂਰਜ ਦੇ ਦਰਸ਼ਨ ਕਰਦਾ ਹੈ। ਉਹ ਚੰਦਰਮਾ ਵੇਖਦਾ ਹੈ। ਹੋਰ ਪਰੇ ਸੂਰਜ ਤੇ ਚੰਦਰਮੇ ਨਜਰ ਆਈ ਜਾ ਰਹੇ ਨੇ। ਧਰਤੀਆਂ ਤੇ ਧਰਤੀਆਂ ਨਜਰ ਆਈ ਜਾ ਰਹੀਆਂ ਨੇ।  ਪਰੇ ਤੋਂ ਪਰੇ ਸੁਰਤ ਚਲ ਰਹੀ ਹੈ। ਹਾਰ ਕੇ ਜਦੋਂ ਤਸੱਲੀ ਹੁੰਦੀ ਹੈ ਤਾਂ ਕਜ਼ਾਕ ਖਾਂਨ ਬਾਬੇ ਅੱਗੇ ਦੁਹਾਈ ਦਿੰਦਾ ਕਿ ਬਾਬਾ ਮੈਨੂੰ ਵਾਪਸ ਮਾਤਲੋਕ ਵਿਚ ਲੈ ਚਲ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਅੱਖਾਂ ਖੋਲਦਾ ਹੈ। ਉਠ ਖਲੋਦਾ ਹੈ। ਦੁਹਾਈ ਦੇ ਉਠਦਾ ਹੈ। "ਹਾਂ ਬਾਬਾ ਨਾਨਕ ਸੱਚਾ ਹੈ, ਬ੍ਰਿਹਮੰਡ ਲਾ-ਹਦੂਦ ਹੈ। ਇਸ ਦਾ ਕੋਈ ਬੰਨਾ ਨਹੀ ਹੈ। ਮੈਂ ਲੱਖਾਂ ਧਰਤੀਆਂ ਲੱਖਾਂ ਸੂਰਜ ਵੇਖੇ ਹਨ। "

ਕਿਉਕਿ ਇਹ ਪੜਿਆ ਲਿਖਿਆ ਜਵਾਨ ਹੀ ਜਿਆਦਾ ਮੁਖਾਲਫਤ ਕਰ ਰਿਹਾ ਸੀ। ਜਦੋਂ ਉਹਦੀ ਤਸੱਲੀ ਹੋਈ ਤਾਂ ਹਰ ਕੋਈ 'ਵਾਹ ਹਿੰਦ ਪੀਰ' 'ਵਾਹ ਹਿੰਦ ਪੀਰ' ਕਹਿ ਰਿਹਾ ਸੀ।

**ਹਲਵਾ-** ਇਸ ਖੁਸ਼ੀ ਵਿਚ ਫਿਰ ਰਾਜੇ ਦੇ ਹੁਕਮ ਅਨੁਸਾਰ ਸਾਰੇ ਦਰਬਾਰ ਵਿਚ ਕੜਾਹ ਪ੍ਰਸਾਦ ਵਰਤਾਇਆ ਗਿਆ; ਜੋ ਬਗਦਾਦ ਦਾ ਸਭ ਤੋਂ ਵਧੀਆ ਪਕਵਾਨ ਗਿਣਿਆ ਜਾਂਦਾ ਸੀ। ਗੁਰੂ ਸਾਹਿਬ ਦੇ ਪੁੱਛਣ ਅਨੁਸਾਰ ਫਿਰ ਦੱਸਿਆ ਗਇਆ ਕਿ ਇਹ ਪਕਵਾਨ ਤੁਰੰਤ ਤਿਆਰ ਹੋ ਜਾਂਦਾ ਹੈ। ਗੁਰੂ ਸਾਹਿਬ ਤੇ ਮਰਦਾਨੇ ਨੂੰ ਇਹ ਹਲਵਾ ਬਹੁਤ ਪਸੰਦ ਆਇਆ।

ਰਾਜੇ ਸ਼ਰਫਦੀਨ ਨੇ ਗੁਰੂ ਸਾਹਿਬ ਨੂੰ ਮਹਿਲਾਂ ਅੰਦਰ ਰਹਿਣ ਲਈ ਸੱਦਾ ਦਿੱਤਾ ਪਰ ਗੁਰੂ ਸਾਹਿਬ ਨੇ ਬਹਿਲੋਲ ਦਾਨੇ ਦੀ ਖਾਨਗਾਹ ਰਹਿਣਾ ਪਸੰਦ ਕੀਤਾ।

ਸ਼ਹਿਰ ਵਿਚ ਲੋਕਾਂ ਨੂੰ ਇਹ ਵੀ ਤੰਗੀ ਸੀ ਕਿ ਪੀਣ ਵਾਲਾ ਪਾਣੀ ਲੈਣ ਦੂਰ ਦਜਲਾ ਦਰਿਆ ਤੇ ਜਾਣਾ ਪੈਂਦਾ ਸੀ। ਗੁਰੂ ਸਾਹਿਬ ਨੇ ਕਿਰਪਾ ਦ੍ਰਿਸ਼ਟੀ ਕਰਕੇ ਲੋਕਾਂ ਨੂੰ ਹੁਕਮ ਕੀਤਾ ਕਿ ਫਲਾਣੀ ਥਾਂ ਪੁੱਟੋ ਓਥੋਂ ਦਾ ਪਾਣੀ ਖਾਰਾ ਨਹੀ ਹੋਵੇਗਾ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਫਿਰ ਉਸ ਥਾਂ ਤੇ ਖੂਹ ਪੁਟਿਆ ਗਇਆ ਜਿਸ ਦਾ ਪਾਣੀ ਮਿੱਠਾ ਨਿਕਲਿਆ।

-----◈-----

## 1520 ਨਹੀ, 1531 ਵਿਚ ਗੁਰੂ ਸਾਹਿਬ ਬਗਦਾਦ ਵਿਚ ਸਨ

ਕਿਉਕਿ ਸ਼ਰਫ ਅਲਦੀਨ ਦਾ ਬਗਦਾਦ ਵਿਚ ਰਾਜ ਕਾਲ 1529 ਤੋਂ 1533 ਹੈ।⊙

ਕਿਉਕਿ ਸਾਨੂੰ ਸਰਫ ਦੇ ਰਾਜ ਕਾਲ ਦਾ ਬਗਦਾਦ ਦੇ ਇਤਹਾਸ ਤੋਂ ਪਤਾ ਲਗ ਜਾਂਦਾ ਹੈ ਭਾਵ 1529-33 ਈ. ਇਸ ਕਰਕੇ ਇਹ ਕੁਦਰਤੀ ਸਾਬਤ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਬਗਦਾਦ 1529 ਤੋਂ 1533 ਈ ਦਰਮਿਆਨ ਕਦੀ ਆਏ ਸਨ।

**⊙1531 ਈ. ਵਿਚ ਬਗਦਾਦ ਦਾ ਇਮਾਮ ਮੁਹੰਮਦ ਖਾਨ ਬਿਨ ਸ਼ਰਫ ਅਲਦੀਨ ਸੀ**

https://en.wikipedia.org/wiki/List_of_Safavid_governors_of_Baghdad

■ https://en.wikipedia.org/wiki/Mohammad_Khodabanda

http://lib.eshia.ir/23019/1/3802

*ਸ਼ਾਹ ਸਰਫ  1533 ਈ ਵਿਚ ਆਪਣੇ ਪੁਤਰਾਂ ਕਜ਼ਾਕ ਖਾਂ, ਮੁਸਤਫਾ ਖਾਂ ਅਤੇ ਮਸੀਬੇਕ ਖਾਂ ਸਮੇਤ ਜੰਗ ਵਿਚ ਰੁੱਝ ਚੁੱਕਾ ਸੀ। ਵੇਖੋ ਫਾਰਸੀ ਵੈਬਸਾਈਟ:

http://lib.eshia.ir/23019/1/3802

ਇਸ ਤੋਂ ਇਹ ਵੀ ਸਾਬਤ ਹੋ ਜਾਂਦਾ ਹੈ ਕਿ ਸ਼ਾਹ ਸਰਫ ਦੇ ਵੱਡੇ ਮੁੰਡੇ ਦਾ ਨਾਂ ਕਜ਼ਾਕ ਖਾਨ ਤੇ ਛੋਟੇ ਮੁਸਤਫਾ ਖਾਂ ਤੇ ਮਸੀਬਕ ਖਾਨ ਸਨ। ਮਤਲਬ ਕਿ ਗੁਰੂ ਸਾਹਿਬ 1533 ਤੋਂ ਪਹਿਲਾ ਪਹਿਲਾਂ ਬਗਦਾਦ ਤੋਂ ਰਵਾਨਾ ਹੋ ਗਏ ਸਨ। (ਫਾਰਸੀ ਵਿਚ ਗੂਗਲ- ਖੋਜ ਕਰਕੇ ਵੇਖੋ)

‘We thankfully acknowledge and place on record the help of Mrs. Dimen Qabil Hassan of Canterbury, U.K for explaining and translating Persian websites to us.'

ਜਿਸ ਸਮੇਂ ਗੁਰੂ ਸਾਹਿਬ ਬਗਦਾਦ ਪਧਾਰੇ ਸਨ ਓਦੋਂ ਓਥੋਂ ਦੇ ਵਾਲੀ (ਸੂਬਾ ਜਾਂ ਗਵਰਨਰ) ਮੁਹੰਮਦ ਖਾਨ ਬਿਨ ਸ਼ਰਫ ਅਲਦੀਨ (1529-33 ਈ.) ਹੋਏ ਹਨ। ਸ਼ਰਫ ਦੀਨ ਤੋਂ ਪਹਿਲਾਂ ਹੋਏ ਹਾਕਮ ਸਨ; ਲੂਈ ਲੂਈ ਹੁਸੈਨ (1508 - 1515 ਈ.) ਅਤੇ ਫਨਹਰਜ਼ (ਕੁੰਗਰੂ ਸੁਲਤਾਨ) 1515-1524 ਈ. ਜ਼ੁਲਫਿਕਾਰ ਬਿਨ ਨਖੁਡ ( 1524- 1529)। ਸਰਫਦੀਨ ਤੋਂ ਬਾਦ ਸੀ ਟਕਲੂ ਮੁਹੰਮਦ ਬਿਨ ਖਾਨ (1533-1534)। ਇਹ ਚਾਰੇ ਵਾਲੀ ਜਾਂ ਗਵਰਨਰ ਈਰਾਨ ਦੀ ਸਫਵੀ ਸਲਤਨਤ ਦੇ ਸਨ। ਇਹ ਖੁਦ ਵੀ ਅਰਬ ਨਹੀ ਸਨ। ਗੁਰੂ ਸਾਹਿਬ ਦੀ ਬਗਦਾਦ ਆਮਦ ਦੇ ਦੌਰ ਵਿਚ ਇਥੇ ਇਕ ਹੋਰ ਘਟਨਾ ਵੀ ਵਾਪਰੀ ਸੀ। 1529 ਵਿਚ ਵਾਲੀ ਜ਼ੁਲਫਿਕਾਰ ਬਿਨ ਨਖੁਡ ਫਿਲੀ ਨੇ ਸਫਵੀ ਸਲਤਨਤ ਖਿਲਾਫ ਬਗਾਵਤ ਕਰ ਦਿੱਤੀ ਸੀ। ਜਿਸ ਨੂੰ ਬੜੇ ਤਰੀਕੇ ਨਾਲ ਸਫਵੀ ਸੁਲਤਾਨ ਤਾਹਮਾਸਬ ਨੇ ਦਬਾਇਆ ਤੇ ਨਖੁਡ ਦਾ ਕਤਲ ਕਰ ਦਿੱਤਾ ਗਇਆ ਸੀ। ਇਸ ਤੋਂ ਬਾਦ ਛੇਤੀ ਹੀ 1534 ਵਿਚ ਉਸਮਾਨੀਆ ਸਲਤਨਤ ਦੇ ਬਾਦਸ਼ਾਹ ਸੁਲੇਮਾਨ ਨੇ ਬਗਦਾਦ ਫਤਹਿ ਕਰ ਲਿਆ ਸੀ।

-----◆-----

## ਗੁਰੂ ਸਾਹਿਬ ਨੇ ਇਮਾਮ ਨੂੰ ਸਵਾਲ ਕੀਤਾ ਕਿ ਕੁਰਾਨ ਵਿਚ ਕਿਥੇ ਲਿਖਿਆ ਹੈ ਕਿ ਵਿਚਾਰਾਂ ਦੇ ਮਤਭੇਦ ਕਰਕੇ ਬੰਦੇ ਨੂੰ ਮਾਰ ਦਿਓ?⊙

ਰਾਜੇ ਸਰਫਦੀਨ ਨਾਲ ਗਲ ਬਾਤ ਦੇ ਕਈ ਦੌਰ ਚਲੇ। ਗੁਰੂ ਸਾਹਿਬ ਨੇ ਸਾਫੀ ਹਕੂਮਤ ਦੇ ਉਸ ਕਨੂੰਨ ਬਾਰੇ ਸਵਾਲ ਖੜਾ ਕਰ ਦਿੱਤਾ ਜਿਸ ਤਹਿਤ ਸੁੰਨੀ ਲੋਕਾਂ ਤੇ ਤਸ਼ੱਦਦ ਕੀਤਾ ਜਾ ਰਿਹਾ ਸੀ। ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਨਜਰੀਏ ਦੇ ਫਰਕ (ਵਿਚਾਰ ਮੱਤਭੇਦ) ਤੇ ਆ ਕੇ ਕਿਸੇ ਦਾ ਕਤਲ ਕਰ ਦੇਣਾ ਕਿਥੋਂ ਤਕ ਜਾਇਜ ਹੈ?

ਗੁਰੂ ਸਾਹਿਬ ਨੇ ਸਾਰਾ ਸਿਧਾਂਤ ਦੱਸਿਆ ਹਰ ਜੀਅ ਖੁਦਾ ਦੀ ਪੈਦਾਵਾਰ ਹੈ। ਕਾਹਦੇ ਦਾਅਵੇ ਕਰਦੇ ਹੋ ਕਿ ਮੈਂ ਸ਼ੀਆ ਤੇ ਉਹ ਸੁੰਨੀ। ਇਹ ਫਿਰਕੇ ਤੁਸਾਂ ਬਣਾਏ ਨੇ, ਇਹ ਖ਼ੁੱਦਾ ਦੇ ਬਣਾਏ ਹੋਏ ਨਹੀ ਹਨ।

ਮਹਲਾ ੧ ॥ ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ ॥ ਆਪੇ ਥਾਪਿ ਉਥਾਪੈ ਆਪੇ ਏਤੇ ਵੇਸ ਕਰਾਵੈ ॥ ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ ॥ ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ ॥ ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ॥ ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥

ਉਸ ਵੇਲੇ ਸ਼ੀਆ ਉਲੇਮਾ ਦੀ ਹਾਲਤ ਖਰਾਬ ਸੀ। ਉਨਾਂ ਕੋਲ ਇਹੋ ਦਲੀਲ ਸੀ ਕਿ ਸੁੰਨੀ ਹਾਕਮਾਂ ਨੇ ਪਹਿਲਾਂ ਸ਼ੀਆ ਵਿਦਵਾਨਾਂ ਤੇ ਬਹੁਤ ਜੁਲਮ ਕੀਤੇ ਹਨ। ਸੁੰਨੀ ਹੁਕਮਰਾਨਾਂ ਵਲੋਂ ਕੀਤੇ ਗਏ ਜੁਲਮ ਗਿਣ ਗਿਣ ਕੇ ਉਹ ਦੱਸ ਰਹੇ ਸਨ। ਫਿਰ ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਮਜ਼ੁਬ ਕਿਥੇ ਕਹਿੰਦਾ ਕਿ ਜੇ ਅਗਲਾ ਬੁਰਾ ਹੈ ਤਾਂ ਤੁਸੀ ਵੀ ਬੁਰੇ ਬਣ ਜਾਓ। ਬਦਲੇ ਦੀ ਭਾਵਨਾ ਰੱਖਣਾ ਮਜ਼ੁਬੀ ਕਹਾਉਣ ਵਾਲੇ ਬੰਦਿਆਂ ਨੂੰ ਸੋਭਾ ਨਹੀ ਦਿੰਦਾ। ਸਰਬੱਤ ਦੇ ਭਲੇ ਦਾ ਨਾਹਰਾ ਮਾਰਨ ਵਾਲੇ ਗੁਰੂ ਸਾਹਿਬ ਕਿਹਾ ਕਿ ਇਹ ਬਦਲਾ ਖੋਰੀ ਕਦੋਂ ਖਲੋਵੇਗੀ? ਇਸ ਤੇ ਹਾਕਮਾਂ ਕੋਲ ਕੋਈ ਜਵਾਬ ਨਹੀ ਸੀ। ਗੁਰੂ ਸਾਹਿਬ ਦੇ ਸਰਬਤ ਦੇ ਭਲੇ ਦੇ ਸਿਧਾਂਤ ਦੀ ਦਲੀਲ ਦੇ ਵਿਰੋਧ ਵਿਚ ਸ਼ੀਆ ਉਲੇਮਾ ਕੋਲ ਕੋਈ ਜਵਾਬ ਨਹੀ ਸੀ। ਆਖਿਰ ਉਹ ਇਸ ਗਲ ਤੇ ਆ ਗਏ ਕਿ ਸਾਡੇ ਸ਼ਹਿਨਸ਼ਾਹ ਦਾ ਇਹ ਹੁਕਮ ਹੈ। ਗੁਰੂ ਸਾਹਿਬ ਨੇ ਕਿਹਾ ਕਿ ਨਵਾਂ ਸ਼ਹਿਨਸ਼ਾਹ ਤੁਹਾਡੀ ਸਲਾਹ ਨਾਲ ਹੀ ਚਲਦਾ ਹੋਵੇਗਾ। ਤੁਸੀ ਆਪਣਾ ਦਿੱਲ ਸਾਫ ਰੱਖੋ।

ਸਰਫ ਤਾਂ ਗੁਰੂ ਸਾਹਿਬ ਦੇ ਵਿਚਾਰਾਂ ਤੋਂ ਕਾਇਲ ਹੋ ਚੁੱਕਾ ਸੀ। ਓਥੇ ਫਿਰ ਹਰ ਕਿਸੇ ਨੇ ਇਹੋ ਰਾਇ ਦਿੱਤੀ ਕਿ ਬਾਦਸ਼ਾਹ ਨੂੰ ਇਸ

ਪੈੜ ਸਫ਼ਾ

### ਮੁਹੰਮਦ ਸ਼ਰਫ ਅਲਦੀਨ ਜਨਮਸਾਖੀਆਂ ਵਿਚ

ਦੋ ਜਨਮ ਸਾਖੀਆਂ (ਭਾਈ ਮਨੀ ਸਿੰਘ : 536 ਅਤੇ ਬੀ:40 -146) ਨੇ ਤਾਂ ਬਗਦਾਦ ਵਿਖੇ ਹੀ ਸ਼ਹਿਰ ਦੇ ਵਾਲੀ ਸ਼ੇਖ ਸ਼ਰਫ ਨਾਲ ਮੇਲ ਹੁੰਦਾ ਦਿਖਾਇਆ ਹੈ ਜਿਸ ਤੋਂ ਸਾਫ ਸਾਬਤ ਹੋ ਜਾਂਦਾ ਹੈ ਕਿ ਕਿ ਗੁਰੂ ਸਾਹਿਬ ਸ਼ਰਫਦੀਨ ਦੇ ਰਾਜ ਕਾਲ ਵੇਲੇ ਹੀ ਪਧਾਰੇ ਸਨ। ਹਾਲਾਂ ਕਿ ਬਾਲਾ ਜਨਮ ਸਾਖੀ ਨੇ ਸ਼ੇਖ ਸਰਫ ਨਾਲ ਮੇਲ ਕੰਧਾਰ ਅਤੇ ਪਾਣੀਪਤ ਦਿਖਾਇਆ। ਬਾਲੇ ਨੇ ਵੀ ਸ਼ਾਹ ਸਰਫ ਨੂੰ ਫਾਰਸੀ ਬੋਲਦੇ ਦੱਸਿਆ ਹੈ। ਜਨਮ ਸਾਖੀਆਂ ਦੀ ਮਾਂ ਭਾਵ ਮੱਕੇ ਮਦੀਨੇ ਦੀ ਗੋਸ਼ਟਿ ਤਾਂ ਸ਼ੁਰੂ ਹੀ ਸ਼ਾਹ ਸਰਫ ਨਾਲ ਹੋਈ ਗੁਫਤਗੂ ਤੋਂ ਹੁੰਦੀ ਹੈ। (ਸਫਾ 33 ਤੋਂ 46)। ਹਾਲਾਂ ਗੋਸ਼ਟਿ ਅਨੁਸਾਰ ਸ਼ਾਹ ਸਰਫ ਨਾਲ ਗੋਸ਼ਟਿ ਮੱਕਾ ਹੁੰਦੀ ਹੈ।

ਕਿਉਕਿ ਸਾਖੀਆਂ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਢੇਰ ਚਿਰ ਬਾਦ ਵਿਚ ਲਿਖੀਆਂ ਗਈਆਂ ਜਿਸ ਕਾਰਨ ਨਾਵਾਂ ਤੇ ਥਾਵਾਂ ਬਾਬਤ ਕਈ ਥਾਂਈ ਭੰਬਲਭੂਸੇ ਪੈਦਾ ਹੋਏ ਬੈਠੇ ਹਨ। ਜਿਸ ਕਾਰਨ ਲਿਖਾਰੀਆਂ ਨੇ ਗੁਰੂ ਸਾਹਿਬ ਨਾਲ ਜੁੜੇ ਨਾਵਾਂ ਨੂੰ ਆਪਣੀ ਸਹੂਲਤ ਅਨੁਸਾਰ ਵੱਖ ਵੱਖ ਥਾਵਾਂ ਤੇ ਜੜ੍ਹ ਦਿੱਤਾ। ਕਿਉਕਿ ਗੋਸ਼ਟਿ ਵਿਚ ਸਰਫ ਦਾ ਨਾਂ ਥਾਈਂ ਥਾਈਂ ਆਉਦਾ ਹੈ ਇਸ ਕਰਕੇ ਇਹ ਸਾਫ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਬਗਦਾਦ ਫੇਰੀ ਮੌਕੇ ਉਥੋਂ ਦਾ ਹਾਕਮ ਸਰਫ ਅਲਦੀਨ ਹੀ ਸੀ। ਇਸ ਦਾ ਮਤਲਬ ਗੁਰੂ ਸਾਹਿਬ 1529 ਤੋਂ 1533 ਈ ਦਰਮਿਆਨ ਹੀ ਕਿਸੇ ਵੇਲੇ ਬਗਦਾਦ ਵਿਚ ਸਨ।

ਵੇਖੋ ਭਾਵੇ ਗਲ ਬਾਤ ਹਿੰਦੁਸਤਾਨ ਵਿਚ ਹੋਵੇ ਭਾਵੇ ਬਾਹਰ, ਸਾਰੀਆਂ ਜਨਮ ਸਾਖੀਆਂ ਮੰਨਦੀਆਂ ਹਨ ਕਿ ਸ਼ਾਹ ਸਰਫ ਨਾਲ ਜਿਹੜੀ ਗਲ ਬਾਤ ਹੁੰਦੀ ਦੱਸੀ ਗਈ ਹੈ ਉਹ ਫਾਰਸੀ ਵਿਚ ਹੈ। ਭਲਾ ਕੋਈ ਹਿੰਦੁਸਤਾਨੀ ਫਾਰਸੀ ਕਿਓ ਬੋਲੇਗਾ ਜਦੋਂ ਅਗਲੇ ਨੂੰ ਪਤਾ ਹੋਵੇ ਕਿ ਗੁਰੂ ਨਾਨਕ ਪੰਜਾਬ ਤੋਂ ਹਨ। ਮਿਸਾਲ ਦੇ ਤੌਰ ਤੇ ਕੁਝ ਜਨਮ ਸਾਖੀਆਂ ਨੇ ਇਹ ਗਲ ਬਾਤ ਮੁਲਤਾਨ ਦੇ ਇਲਾਕੇ ਵਿਚ ਹੋਣੀ ਲਿਖੀ ਹੈ ਜਦੋਂ ਗੁਰੂ ਸਾਹਿਬ ਨੇ ਮੱਕੇ ਵਾਸਤੇ ਬੇੜਾ ਫੜਨਾ ਸੀ।

ਫਿਰ ਗਲ ਬਾਤ ਵਿਚ ਸ਼ਾਹ ਸਰਫ ਗੁਰੂ ਨਾਨਕ ਕੋਲੋ ਇਹ ਵੀ ਸਵਾਲ ਕਰਦੇ ਹਨ ਕਿ ਤੁਸੀ ਕਿਹੜੇ ਦੇਸ ਤੋਂ ਹੋ। ਇਹ ਸਵਾਲ ਵੀ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਗਲ ਬਾਤ ਹਿੰਦੁਸਤਾਨ ਤੋਂ ਬਾਹਰ ਤੋਂ ਹੋਵੇ।

ਤੇ ਸਭ ਤੋਂ ਮਹੱਤਵਪੂਰਨ ਗਲ ***** ਬੀ-40 ਪੰਨਾ -146 ਨੇ ਸਾਫ ਹੀ ਲਿਖ ਦਿੱਤਾ ਹੈ ਕਿ ਸ਼ਾਹ ਸਰਫ ਵਾਲੀ ਸਾਖੀ ਬਗਦਾਦ ਵਿਖੇ ਵਾਪਰਦੀ ਹੈ। ਬੀ-40 ਦੇ ਹੋਰਨਾਂ ਨੁਸਖਿਆਂ ਅਨੁਸਾਰ ਵੀ ਇਹ ਬਗਦਾਦ ਵਿਖੇ ਹੀ ਵਾਪਰਦੀ ਹੈ। (ਹੋਰ ਦੇਖੋ ਗੋਸ਼ਟਿ-ਫੁੱਟ ਨੋਟ ਸਫਾ 32 ਤੇ ਲਿਖਿਆ ਹੈ--- "ਪੁਰਾਤਨ ਜਨਮ ਸਾਖੀ, ਸਾਖੀ 14: ਪੱਤਰਾ 53- ਬੀ:40-146, ਵਿਚ ਇਹ ਸਾਖੀ ਬਗਦਾਦ ਵਿਖੇ ਵਾਪਰੀ ਦੱਸੀ ਗਈ ਹੈ। ਸਾਖੀ 49।")

ਜਨਮਸਾਖੀ ਭਾਈ ਮਨੀ ਸਿੰਘ ਨੇ ਵੀ ਇਹੋ ਮੰਨਿਆ ਹੈ ਕਿ ਸ਼ਾਹ ਸਰਫ ਨਾਲ ਗਲ ਬਾਤ ਬਗਦਾਦ ਵਿਖੇ ਹੋਈ ਸੀ। ( ਸਫਾ-536 ਤੋਂ)

ਨਾਲ ਇਹ ਵੀ ਸਵਾਲ ਉਠਦਾ ਹੈ ਕਿ ਕੀ ਸ਼ਾਹ ਸਰਫ ਓਹੋ ਇਮਾਮ ਹੈ ਜਿਸ ਨਾਲ ਜਨਮ ਸਾਖੀਆਂ ਤੇ ਭਾਈ ਗੁਰਦਾਸ ਅਨੁਸਾਰ ਗੋਸਟ ਹੁੰਦੀ ਹੈ। ਇਹਦਾ ਅਗਲਾ ਸਬੂਤ ਭਾਈ ਮਨੀ ਸਿੰਘ (543, 544) ਹੈ ਜਿਸ ਨੇ ਇਮਾਮ ਨੂੰ ਇਮਾਮ ਸਾਫੀ ਲਿਖਿਆ ਹੈ। ਸਾਫੀ ਭਾਵ ਸਫਵੀ ਜਾਂ ਅੰਗਰੇਜੀ ਦਾ Safavid.

ਸ਼ਾਹ ਸਰਫ ਦਾ ਕੁਰਸੀਨਾਮਾ ਦੇਖਣ ਲਈ ਗੂਗਲ ਕਰੋ:

Mohammed Sharaf Aldin Oghly Tikklu

The following geneology based on the

Preparation and editing: Dr. Haji Mohammad Tequelazadeh - 1396

Mirza Gholli Mali Heravi (d. 983 AH)

ਬਾਬਤ ਮਨਾਇਆ ਜਾਏ ਤਾਂ ਕਿ ਸ਼ੀਆ ਸੁੰਨੀ ਦੇ ਨਾਂ ਤੇ ਹੋ ਰਹੀ ਵਿਤਕਰੇਬਾਜੀ ਬੰਦ ਹੋਵੇ।

ਛੇਤੀ ਹੀ ਫਿਰ ਬਾਦਸ਼ਾਹ ਤਾਹਮਸਬ ਦਾ ਬਗਦਾਦ ਆਉਣਾ ਹੋ ਗਇਆ। ਓਥੇ ਫਿਰ ਗੁਰੂ ਸਾਹਿਬ ਦਾ ਮੇਲ ਗਭਰੂ ਬਾਦਸ਼ਾਹ ਨਾਲ ਕਰਵਾਇਆ ਗਇਆ।

ਸ਼ਾਹ ਸਰਫ ਨੇ ਫਿਰ ਉਸ ਵੇਲੇ ਉਲੇਮਾ ਦੀ ਰਜਾਮੰਦੀ ਨਾਲ ਉਹ ਸਾਰੇ ਸੁੰਨੀ ਫਕੀਰ ਰਿਹਾ ਕਰ ਦਿੱਤੇ ਜਿੰਨਾਂ ਨੂੰ ਸੁੰਨੀ ਹੋਣ ਕਰਕੇ ਗ੍ਰਿਫਤਾਰ ਕੀਤਾ ਹੋਇਆ ਸੀ। ਜਦੋਂ ਸੁੰਨੀ ਪੀਰਾਂ ਫਕੀਰਾਂ ਨੂੰ ਰਿਹਾ ਕੀਤਾ ਤਾਂ ਬਾਬੇ ਦਾ ਜਸ ਸਾਰੀ ਬਗਦਾਦ ਵਿਚ ਫੈਲ ਗਿਆ। ਸਭ ਪਾਸੇ ਹਿੰਦ ਪੀਰ ਦਾ ਗੁਣਗਾਨ ਹੋਣ ਲੱਗਾ।

ਓਥੇ ਫਿਰ ਉਲੇਮਾ ਨੇ ਸੁੰਨੀ ਸ਼ੀਆ ਦੇ ਨਾਂ ਤੇ ਤਸ਼ੱਦਦ ਤੇ ਤੋਬਾ ਕੀਤੀ।

-----◈-----

## ਗੁਰੂ ਸਾਹਿਬ ਨੇ ਮਹਾਰਾਜੇ ਨੂੰ ਪੁੱਤਰ ਦੀ ਦਾਤ ਬਖਸ਼ੀ

ਸਾਫੀ ਸਲਤਨਤ ਦਾ ਸ਼ਾਹ ਤਾਹਮਾਸਬ (ਜਨਮ 1514- ਮੌਤ 1576 ਈ.) 1530 ਈ ਤਕ ਅਜੇ ਬੇਔਲਾਦ ਹੀ ਸੀ। ਇਸ ਦਾ ਪਲੇਠੀ ਦਾ ਸ਼ਹਿਜਾਦਾ ਡੇਢ ਸਾਲ ਦੀ ਉਮਰ ਵਿਚ ਹੀ ਮਰ ਗਿਆ ਸੀ। ਇਸ ਦੀਆਂ ਕੁਲ 8 ਰਾਣੀਆਂ ਹੋਈਆਂ ਹਨ। ਪਟਰਾਣੀ ਸੁਲਤਾਨੁਮ ਬੇਗਮ (1516- 1593) ਅਜ਼ਰਬਾਇਜਾਨ ਦੇ ਗਵਰਨਰ ਮੂਸਾ ਸੁਲਤਾਨ ਬਿਨ ਈਸਾ ਬੇਗ ਮੁਸਲੂ ਦੀ ਧੀ ਸੀ। ਮੁਸਲੂ ਦੇ ਸ਼ਾਹ ਸਰਫ ਨਾਲ ਨਿੱਘੇ ਸਬੰਧ ਸਨ।



ਸ਼ਹਿਜਾਦਾ ਮੁਹੰਮਦ ਖੁਦਾਬੰਦਾ ਜਿਸ ਦਾ ਜਨਮ ਦਸੰਬਰ 1531 ਵਿਚ ਗੁਰੂ ਸਾਹਿਬ ਦੀ ਬਖਸ਼ਸ਼ ਨਾਲ ਹੋਇਆ। ਇਹ ਬਹੁਤ ਧਾਰਮਿਕ ਅਤੇ ਵਿਚਾਰਵਾਨ ਕਿਸਮ ਦਾ ਇਰਾਨ ਦਾ ਬਾਦਸ਼ਾਹ ਸਾਬਤ ਹੋਇਆ ਸੀ। ਇਹਨੂੰ ਗੱਦੀ ਤੇ ਬੈਠਣ ਵਿਚ ਵੀ ਸ਼ਾਹ ਸਰਫ ਦੇ ਕਿਜਲਬਾਸ਼ ਕਬੀਲੇ ਨੇ ਮਦਦ ਕੀਤੀ ਪਰ ਬਾਦ ਵਿਚ ਇਹਦੀ ਰਾਣੀ ਆਪ ਹੁਦਰੀਆ ਕਰਨ ਲੱਗ ਪਈ। ਇਸ ਦੇ ਪੁੱਤਰ ਅੱਬਾਸ ਨੇ ਹੀ ਇਹਦਾ ਤਖਤ ਪਲਟ ਦਿਤਾ ਸੀ। ਇਹ ਕੁਝ ਗੁਮਾਨ ਵਿਚ ਵੀ ਆ ਚੁੱਕਾ ਸੀ ਕਿ ਮੈਂ ਬਖਸ਼ੀ ਹੋਈ ਰੂਹ ਹਾਂ ਮੈਨੂੰ ਕਿਧਰਿਓ ਵੀ ਕੋਈ ਖਤਰਾ ਨਹੀ। ਨਾਮ ਖੁਦਾਬੰਦਾ ਵੀ ਇਸ ਨੇ ਆਪੇ ਰੱਖ ਲਿਆ ਸੀ। ■

ਜਦੋਂ ਗੁਰੂ ਸਾਹਿਬ ਬਗਦਾਦ ਵਿਖੇ ਬਰਾਜਮਾਨ ਸਨ ਤਾਂ ਰਾਣੀ ਵੀ ਗੁਰੂ ਸਾਹਿਬ ਦੇ ਚਰਨਾਂ 'ਚ ਹਾਜਰ ਹੋਈ ਅਤੇ ਪੁੱਤਰ ਦੀ ਦਾਤ ਵਾਸਤੇ ਅਰਜੋਈ ਕੀਤੀ। ਯਾਦ ਰਹੇ ਓਦੋਂ ਹਕੂਮਤ ਦੀ ਰਾਜਧਾਨੀ ਉਂਜ ਤਬਰੇਜ ਸੀ ਜੋ ਬਗਦਾਦ ਤੋਂ 750 ਕਿ. ਮੀ. ਦੂਰ ਪੈਂਦਾ ਹੈ।

ਲਗਦਾ ਹੈ ਕਿ ਮਹਾਰਾਜਾ ਤਾਹਮਾਸਬ ਕਿਸੇ ਵੇਲੇ ਸ਼ਾਹੀ ਮਹਿਲਾਂ ਸਮੇਤ ਬਗਦਾਦ ਆਇਆ ਸੀ ਤਾਂ ਹੀ ਤਾਂ ਉਹ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜਰ ਹੋਏ।

1531 ਈ ਦੇ ਅਖੀਰ ਵਿਚ ਫਿਰ ਰਾਣੀ ਸੁਲਤਾਨੁਮ ਬੇਗਮ ਦੇ ਘਰ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਮੁਹੰਮਦ ਖੁਦਾਬੰਦਾ ਮਸ਼ਹੂਰ ਹੋਇਆ। ਇਹ ਸ਼ਾਹਜਾਦਾ ਬਾਦ 1578 ਵਿਚ ਈਰਾਨ ਦਾ ਬਾਦਸ਼ਾਹ ਬਣਿਆ ਸੀ। ◘

ਗਰਭਵਤੀ ਹੋਣ ਤੇ ਰਾਣੀ ਨੇ ਗੁਰੂ ਸਾਹਿਬ ਨੂੰ ਚੋਲਾ ਭੇਟ ਕੀਤਾ ਜੋ ਅੱਜ ਵੀ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਮੌਜੂਦ ਹੈ।

ਈਰਾਨ ਦੇ ਇਤਹਾਸ ਅਨੁਸਾਰ ਸ਼ਹਿਜਾਦਾ (ਮੁਹੰਮਦ ਖੁਦਾਬੰਦਾ) ਅਜੇ 4 ਸਾਲ ਦਾ ਬੱਚਾ ਹੀ ਸੀ ਕਿ ਸ਼ਾਹ ਨੇ 1537 ਈ ਵਿਚ ਉਨੂੰ ਹੈਰਾਤ ਦਾ ਸੂਬਾ ਜਾਂ ਗਵਰਨਰ (ਨਾਮ ਨਿਹਾਦ) ਐਲਾਨ ਦਿੱਤਾ ਤੇ ਕੰਮ ਕਾਜ ਚਲਾਉਣਾ ਲਈ ਮੁਹੰਮਦ ਸ਼ਰਫ ਅਲਦੀਨ ਨੂੰ ਨਿਯਤ ਕਰ ਦਿੱਤਾ। ਕਿਉਕਿ ਸ਼ਰਫ ਨੇ ਹੀ ਸ਼ਾਹ ਤਾਹਮਾਸਬ ਦੀ ਮੁਲਾਕਾਤ ਗੁਰੂ ਸਾਹਿਬ ਨਾਲ ਕਰਾਈ ਸੀ ਇਸ ਕਰਕੇ ਇਸ ਸ਼ਹਿਜਾਦੇ ਦੇ ਜਨਮ ਦਾ ਸਿਹਰਾ ਵੀ ਬਾਦਸ਼ਾਹ ਨੇ ਸ਼ਰਫ ਨੂੰ ਹੀ ਦਿੱਤਾ।

ਇਉ ਲਗਦਾ ਹੈ ਕਿ ਸ਼ਹਿਜਾਦੇ ਦਾ ਜਨਮ ਵੀ ਗੁਰੂ ਸਾਹਿਬ ਦੀ ਬਗਦਾਦ ਮੌਜੂਦਗੀ ਤਕ ਹੋ ਚੁੱਕਾ ਸੀ। ਜਿਸਦਾ ਮਤਲਬ ਹੈ ਗੁਰੂ ਸਾਹਿਬ 1531 ਆਖਿਰ ਜਾਂ 1532ਈ. ਸ਼ੁਰੂ ਤੱਕ ਈਰਾਨ ਵਿਚ ਹੀ ਸਨ।

ਗਿਆਨੀ ਨੇ ਲਿਖਿਆ ਹੈ ਕਿ ਬੇਟਾ ਹੋਣ ਤੇ ਬਹੁਤ ਖੁਸ਼ੀ ਮਨਾਈ ਗਈ। ਮਹਾਰਾਜੇ ਨੇ ਮੋਤੀਆਂ ਦਾ ਥਾਲ ਅੱਗੇ ਰੱਖਕੇ ਮੱਥਾ ਟੇਕਿਆ। ਜਦੋਂ ਬਾਬਾ ਜੀ ਨੇ ਕੁਝ ਵੀ ਲੈਣ ਤੋਂ ਇਨਕਾਰ ਕੀਤਾ ਤਾਂ ਬਾਦਸ਼ਾਹ ਨੇ ਉਹ ਕੁਰਾਨੀ ਆਇਤਾਂ ਵਾਲਾ ਰੇਸ਼ਮੀ ਚੋਲਾ ਗੁਰੂ ਸਾਹਿਬ ਦੇ ਗਲ ਪਾ ਦਿਤਾ।

ਕਿਉਕਿ ਸ਼ਾਹ ਸਰਫ ਤੇ ਗੁਰੂ ਸਾਹਿਬ ਦੀ ਨਜਰੇ ਆਯਾਤ ਹੋ ਚੁੱਕੀ ਸੀ ਜਿਸ ਨੇ ਹੈਰਾਤ ਦਾ ਗਵਰਨਾਰ ਹੋਣ ਮੌਕੇ ਅਜਿਹੇ ਲੋਕ ਭਲਾਈ ਦੇ ਕੰਮ ਕੀਤੇ ਕਿ ਕਵੀਆਂ ਲਿਖਾਰੀਆਂ ਨੇ ਉਹਦੇ ਸੋਹਲੇ ਗਾਏ ਜਿਹੜੇ ਅੱਜ ਇਤਹਾਸ ਦਾ ਹਿੱਸਾ ਹਨ। ਗੁਰੂ ਦੀ

---

⊙ਗਿਆਨੀ- 270/271

ਕਿਰਪਾਲ ਸਿੰਘ ਨੇ ਗੁਰੂ ਸਾਹਿਬ ਦਾ ਮੇਲ ਬਾਦਸ਼ਾਹ ਨਾਲ ਤਬਰੇਜ ਵਿਖੇ ਹੋਣਾ ਲਿਖਿਆ ਹੈ। ਜੋ ਭੂਗੋਲਿਕ ਨਿਗਾਹ ਤੋਂ ਪਰਖਿਆ ਸਹੀ ਨਹੀ ਲਗਦਾ। ਜੇ ਗੁਰੂ ਸਾਹਿਬ ਤਬਰੇਜ ਗਏ ਹੁੰਦੇ ਤਾਂ ਉਹਨਾਂ ਨੇ ਤਹਿਰਾਨ ਥਾਂਣੀ ਪਰਤਣਾ ਸੀ ਪਰ ਗੁਰੂ ਸਾਹਿਬ ਖੁਰਮਾਬਾਦ ਰਸਤੇ ਆਏ ਜਿਥੇ ਭਾਈ ਮਰਦਾਨੇ ਦਾ ਚਲਾਣਾ ਹੋਇਆ। ਸੋ ਸਾਨੂੰ ਇਹੋ ਮੰਨਣਾ ਪਵੇਗਾ ਕਿ ਬਾਦਸ਼ਾਹ ਤਾਹਮਾਸਬ ਦਾ ਮੇਲ ਗੁਰੂ ਸਾਹਿਬ ਨਾਲ ਬਗਦਾਦ ਵਿਖੇ ਹੀ ਹੋਇਆ ਸੀ। ਡੇਰਾ ਬਾਬਾ ਨਾਨਕ ਦੀ ਪ੍ਰੰਪਰਾ ਵੀ ਬਗਦਾਦ ਹੀ ਦੱਸਦੀ ਹੈ।

ਨਾਲੇ ਬਾਦਸ਼ਾਹ ਨੂੰ ਸਮਝਾਉਣਾ ਬਗਦਾਦ ਵਿਖੇ ਸੌਖਾ ਸੀ। ਕਿਉਕਿ ਸਰਕਾਰ ਦੇ ਮੁੱਖ ਸਲਾਹਕਾਰ ਤਾਂ ਬਗਦਾਦ ਵਿਚ ਹੀ ਸਨ। ਬਾਦਸ਼ਾਹ ਨੂੰ ਮਨਾਉਣ ਵਿਚ ਸ਼ਾਹ ਸਰਫ ਖੁੱਦ ਵੱਡਾ ਸਹਾਈ ਹੋਇਆ ਹੋਵੇਗਾ।

ਨਾਲੇ ਮਸਲਾ ਤਾਂ ਸਲਾਹਕਾਰਾਂ ਨੂੰ ਮਨਾਉਣ ਦਾ ਸੀ। ਬਾਦਸ਼ਾਹ ਤਾਂ ਐਵੇ ਅੱਲੜ ਉਮਰ ਦਾ ਹੀ ਸੀ।

◘ ਫਾਰਸੀ ਵਿੱਕੀਪੀਡੀਆ ਅਨੁਸਾਰ ਸ਼ਹਿਜਾਦਾ ਦਾ ਜਨਮ 1531 ਈ ਦਸਦੀ ਹੈ ਹਾਲਾਂ ਕਿ ਅੰਗਰੇਜੀ ਸਾਈਟਾਂ ਅਨੁਸਾਰ ਜਨਮ 1532 ਈ. ਦਾ ਹੈ। ਸੋ ਮੰਨਣਾ ਪਵੇਗਾ ਕਿ ਗੁਰੂ ਸਾਹਿਬ 1531 ਜਾਂ ਹੱਦ 1532 ਦੇ ਸ਼ੁਰੂ ਦੇ ਮਹੀਨਿਆਂ ਤੱਕ ਈਰਾਨ ਵਿਚ ਹੀ ਸਨ।



ਬਗਦਾਦ ਵਾਲਾ ਚੋਲੇ ਪਹਿਨੇ ਗੁਰੂ ਸਾਹਿਬ ਦੀ ਹੱਥ ਬਣੀ ਤਸਵੀਰ। ਇਸ ਚੋਲੇ ਤੇ ਕੁਰਾਨ ਦੀਆਂ ਆਇਤਾਂ ਦਰਜ ਹਨ। (ਇੰਟਰਨੈਟ ਤੋਂ ਤਸਵੀਰ ਉਠਾਈ ਹੈ। ਪਤਾ ਨਹੀ ਮੂਲ ਤਸਵੀਰ ਕਿਥੇ ਹੈ?

ਬਖਸ਼ਸ਼ ਸਦਕਾ ਸ਼ਾਹ ਸ਼ਰਫ ਵੀ ਅਮਰ ਹੋ ਗਿਆ। *****

-----◆-----

## ਸ਼ਾਹ ਸਰਫ ਨੂੰ ਉਪਦੇਸ਼

ਅੰਤ ਵਿਚ ਇਮਾਮ ਨੇ ਅਰਜ ਕੀਤੀ ਕਿ ਸਾਨੂੰ ਕੁਝ ਉਪਦੇਸ਼ ਦੇ ਜਾਓ ਜੋ ਤੁਹਾਨੂੰ ਸਦਾ ਯਾਦ ਰਖੀਏ। ਗੁਰੂ ਸਾਹਿਬ ਨੇ ਫਰਮਾਇਆ ਕਿ ਇਹ ਸ਼ਬਦ ਯਾਦ ਰਖਣਾ:-

ੴ ਮੁਨਾਜਾਤ ਮ:੧॥ ਲਾਇਕਨ ਅਸਤ॥ ਸਜਾਵਾਰ ਹੁਮਾਨਸਤ॥ ਕਿ ਮਨ ਬਿਗਜਰਮ ਅਜ ਜੁਮਲਹਿ ਹਿਕਾਯਾਤ ਖਿਆਲਾਤ ਪਰੇਸਾਨ ਨਿਕੋਹੀ ਮਤੀ॥ ਹਮ ਜਿ ਰਹੇ ਸਿਦਕ ਯਕੀ ਹਮ ਦਬਰਾਏ ਜਦਖਲ ਖਲਾਕ ਕਿ ਦਾਰਾਇ ਜਹਾਨ ਅਸਤ॥ ਨਿਹਾਨ ਅਸਤ॥ ਆਯਾਨ ਅਸਤ॥ ਮਕੀਨ ਅਸਤ॥ ਮਕਾਨ ਅਸਤ॥ ਜਿਮੀਨ ਅਸਤ॥ ਜਮਾਨ ਅਸਤ॥ ਅਮੀ ਨਸਤ॥ ਅਮਾ ਨਸਤ॥ ਦਰੀ ਨਸਤ॥ ਦਰਾਨ ਅਸਤ॥ ਹਮੀਨ ਅਸਤ॥ ਹਮਾਨ ਅਸਤ॥ ਬਹਾਰ ਅਸਤ॥ ਖਜ਼ਾਨ ਅਸਤ॥ ਗਾਹੇ ਬੁਲਬੁਲ ਨਾਲਾ॥ ਗਾਹੇ ਗੁਨਬੁਨ ਖੰਦਾ॥ ਗਾਹੇ ਸ਼ਮੇ ਸਬਿਸਤਾ॥ ਗਾਹੇ ਪਰਵਾਨਹ ਸੱਜਾ ਪਰੇਸਾ॥ ਗਾਹੇ ਖੂਬੀ ਖੁਬਾਨਾ ॥ ਗਹੇ ਇਸਕ ਜਵਾਨਾ॥ਗਹੇ ਆਸਕ ਹੈਰਾਨਾ॥ ਗਹੇ ਗਮ ਜੇ ਜਾਨਾ॥ ਗਾਹ ਨਿਹਾ॥ ਗਾਹ ਆਨਸਤ॥ ਉਸੀ ਕਾ ਹਮਹ ਜਾ ਪਰਤ ਵਾ ਪ੍ਰਕਾਸ॥ ਸਗਲੀ ਧਰਤੀ ਅਕਾਸ॥ ਕਹੂੰ ਦੂਰ ਕਹੂੰ ਪਾਸ॥ ਕਹੂੰ ਫੂਲ ਕਹੂੰ ਬਾਸ॥ ਕਹੂੰ ਭਉਰ ਹੈ ਉਦਾਸ॥ ਕਹੂੰ ਦਿਆਲ ਕਹੂੰ ਦਾਸ॥ ਕਈ ਭੇਦ ਕਈ ਭਾਤ॥ ਕਈ ਰੰਗ ਕਈ ਰੂਪ॥ ਕਈ ਖੇਲ ਸੇ ਅਰਕੰਦ॥੧॥ ਅਖਾੜਾ॥

ਇਸ ਪ੍ਰਕਾਰ ਨਿਰੰਕਾਰ ੧ੳ ਦੀ ਸਿਫਤ ਵਿਚ ਕੁਝ ਹੋਰ ਸ਼ਬਦ ਵੀ ਸਿੱਧੀ ਸਾਦੀ ਫਾਰਸੀ ਵਿਚ ਰਚੇ, ਜੋ ਭਾਈ ਮਨੀ ਸਿੰਘ ਵਾਲੀ ਸਾਖੀ ਨੇ ਅਰਥਾ ਸਮੇਤ ਦਿੱਤੇ ਹੋਏ ਹਨ।

-----◆-----

## ਗੋਸ਼ਟਿ ਅਨੁਸਾਰ ਸਵਾਲ ਜਵਾਬ

ਮੱਕੇ ਮਦੀਨੇ ਦੀ ਗੋਸ਼ਟਿ ਨੇ ਇਸ ਗਲ ਬਾਤ ਨੂੰ ਕੁਝ ਇਸ ਅੰਦਾਜ਼ ਵਿਚ ਪੇਸ਼ ਕੀਤਾ ਹੈ:-

### ਸਵਾਲ ਪੀਰ ਜਲਾਲ

ਅਖੇ ਜੁਲਜਲਾਲ ਦੀਨ ਨਾਨਕ ਸ਼ਾਹ ਕਤਾਲ॥
ਚੋਦਹ ਤਬਕ ਕਿਤਾਬ ਵਿੱਚ, ਤਿਸਤੇ ਪਰੇ ਜਵਾਲ॥
ਡਿੱਠੇ ਬਾਝਹੁ ਕਿਸੇ ਦੀ ਖਾਤਰ ਜਮਾ ਨ ਹੋਇ॥
ਕਹਿਣਾ ਸੁਣਨਾਂ ਬਾਦ ਹੈ ਮਜਲਸ ਵਿੱਚ ਖਲੋਇ॥

(ਜਵਾਲ-ਅੱਗੇ ਮੁਕ ਜਾਣਾ। ਤਬਕ- ਪਰਤਾਂ -ਧਰਤੀ ਅਸਮਾਨ ਦੀਆਂ )

### ਜਵਾਬ ਨਾਨਕ ਸ਼ਾਹ॥

ਆਖੇ ਨਾਨਕ ਸੱਚ ਸੁਣ ਪੀਰ ਜਲਾਲ ਸੱਦਾਤ॥
ਹਿਕੇ ਤੇ ਚੱਲੋ ਆਪ ਹੀ ਹਿਕੇ ਤਾਂ ਦੇਹੁ ਸੰਗਾਤ॥
ਆਕਾਸਾਂ ਆਕਾਸ ਲਖ, ਪਾਤਾਲਾ ਪਾਤਾਲ॥
ਸਭਨਾ ਦੇ ਸਿਰ ਰੱਬ ਇੱਕ, ਸਭ ਦੀ ਕਰੇ ਸੰਭਾਲ॥
ਦਿੱਤਾ ਬੇਟਾ ਪੀਰ ਨਾਲ, ਜੁਲ ਜਲਾਲੀ ਨਾਮ॥
ਮਜਲਸ ਅੰਦਰ ਬੈਠਿਆਂ ਹੋਏ ਅੰਤਰ ਧਿਆਨ॥
ਇੱਕ ਪਲਕ ਦੇ ਫਰਕਣੇ ਡਿੱਠੇ ਲੱਖ ਅਕਾਸ॥
ਕਈ ਪੈਗੰਬਰ ਦੇਖ ਕੇ ਮੰਨਯਾ ਪੀਰ ਤਰਾਸ॥
ਫੇਰ ਗਏ ਪਾਤਾਲ ਨੌਂ ਵੇਖ ਬੇਅੰਤ ਪਤਾਲ॥
ਪੈਗੰਬਰ ਅਵਤਾਰ ਬਹੁ ਗਣਤੀ ਨਾਹਿ ਸੰਭਾਲ॥
ਜਿੱਥੇ ਬਾਬਾ ਜਾਵਹੇ ਅੱਗੇ ਤਿਆਰ ਕੜਾਹ॥
ਸੰਗਤ ਜੁੜੀ ਅਪਾਰ ਹੁਇ ਗਾਵਨ ਸ਼ਬਦ ਸਰਾਹ॥
ਦਰਸ਼ਨ ਕਰ ਕੁਰਬਾਨ ਹੋਇ ਨਜ਼ਰਾਂ ਦੇਣ ਅਮੋਲ॥
ਇਕ ਇਕ ਥਾਓਂ ਕੜਾਹ ਲੈ ਮਾਸਾ ਮਾਸਾ ਤੋਲ॥
ਪੂਰ ਗਇਆ ਕਚਕੋਲ ਉਸ ਪੀਰ ਹੋਯਾ ਹੈਰਾਨ ॥
ਆਖਿਓ ਹੁਣ ਤਾਂ ਸ਼ਾਹ ਜੀ ਚਲੇ ਆਪਣੇ ਥਾਨ॥
ਆਏ ਪਲ ਮੈਂ ਉਸੇ ਥਾਂ ਜਿੱਥੇ ਬੈਠਾ ਪੀਰ॥
ਗੱਲਾਂ ਸੁਣ ਕਚਕੌਲ ਪਿਖ ਹੋਯਾ ਪੀਰ ਜਹੀਰ॥
ਆਖਯਾ ਬੇਟੇ ਪੀਰ ਦੇ , ਇਹ ਤਾਂ ਖੁਦ ਖੁਦਾਇ॥
ਲੱਖ ਅਕਾਸ ਪਤਾਲ ਜਿਨ ਪਲ ਮੈਂ ਦਏ ਦਿਖਾਇ॥

### ਫਿਰ ਅੱਗੇ ਸ਼ਾਹ ਬੋਲ ਪਿਆ+

ਕੁਜਾਮਨੀ। ਕੁਜਾਮਨੀ।

**ਗੁਰੂ ਸਾਹਿਬ** ਕਿਹਾ- ਯਾਮਨੀ। ਯਾਮਨੀ।

**ਸ਼ਾਹ ਸਰਫ** - ਏ ਅਹਿਲ ਫਕੀਰ ਅਵਲ ਸੁਮਾ ਮੇਂ ਪੁਰਸਮ। ਸੁਆਲ ਈ ਸੁਖਨਰਾ ਜਵਾਬ ਬਿਦੇ ਹੁੰਦ ਦਰਵੇਸ਼।

**ਜਵਾਬ ਗੁਰੂ ਨਾਨਕ**- ਅਵਲ ਫਕੀਰੀ ਫਨਾਹ ਅਸਤਿ। ਆਖਿਰ ਫਕੀਰੀ ਬਕਾਇ ਅਸਤ। ਖਾਨਾ ਫਕੀਰੀ ਅਸਤ। ਕੁਲਫ ਫਕੀਰੀ ਖਾਮੋਸ਼ ਅਸਤਿ। ਕੁਲੀਦ ਫਕੀਰੀ ਆਜ਼ਜ਼ੀ ਵਾ ਬੰਦਗੀ ਅਸਤਿ। ਮਕਬਰੇ ਫਕੀਰੀ ਹਲੀਮੀ ਅਸਤਿ। ਗੰਜਿ ਫਕੀਰੀ ਖਾਮੋਸ਼ੀ ਅਸਤਿ। ਸੁਜਨਿ ਫਕੀਰੀ ਅਕਲਿ ਅਸਤਿ। ਰੇਸ਼ਮ ਫਕੀਰੀ ਦੀਦਾਰ ਅਸਤਿ। ਲੁਕਮਾ ਫਕੀਰੀ ਸਬੂਰੀ ਅਸਤਿ। ਖਿਰਕਾ ਫਕੀਰੀ ਰਾਸਤੀ ਅਸਤਿ। ਖਫਨੀ ਫਕੀਰੀ ਜਿੰਦਾ ਮੁਰਦਹ ਅਸਤਿ। ਧੂਆਂ ਫਕੀਰੀ ਮਨਿੰਦ ਪਸ ਮੁਰਦਾ ਖਾਕ ਅਸਤਿ। ਫਹੋੜੀ ਫਕੀਰੀ ਖਾਕਰੇਬੀ ਅਸਤਿ। ਜਾਮਾ ਫਕੀਰੀ ਹਰਿਕਿ ਆਇਦ ਆਹਾਂ ਮੁਰਾਦਿ ਹਾਸਲ ਕੁਨੰਦ। ਵਾ-ਦਿਲ

ਕੁਸਾਦੀ ਸੇਲੀ ਫਕੀਰੀ ਬਰਦਾ ਪੇਸ ਮੁਰਸਦ ਅਸਤਿ। ਕਿਸਤੀ ਫਕੀਰੀ ਹੋਇ ਗਰਦਾ ਆਵਾ ਜਹਾਨ ਅਸਤਿ। ਵਸਲਾ ਫਕੀਰ ਜਬਾਨ ਸੇਫ ਸਹਾਬ ਕਰਾਮਾਤ ਅਸਤਿ। ਦਰ ਮਿਹਰਵਾ ਕਹਿਰ ਮਾਮੂਰ ਅਸਤਿ। ਮੁਤਕਾ ਫਕੀਰੀ ਮਨ ਬਸਤ ਗੋਸਾ ਨਸੀਨੀ ਅਸਤਿ। ਅਗਰ ਕਸੇ ਬਈ ਤਰੀਕਾ ਅਮਲ ਕੁਨਦਿ ਆ ਕਾਮਲ ਫਕੀਰੀ ਅਸਤਿ। ਵਅਲਾਨਾ ਲੁਕਮੇ ਫਕੀਰੀ ਅਸਤਿ। ਫਕੀਰੀ ਰਾ ਚਿ- ਦਾਨਦਿ। ਰਾਹ ਫਕੀਰੀ ਰਾ ਗੁਮੁ ਕਰਦਾ ਅਸਤਿ।

-----◈-----

## ਅਨਾੜੀ ਬਾਦਸ਼ਾਹ ਤਾਹਮਾਸਬ

ਗੁਰੂ ਸਾਹਿਬ ਨੂੰ ਬਾਦਸ਼ਾਹ ਤਾਹਮਸਬ ਅਨਾੜੀ ਹੀ ਲੱਗਾ ਸੀ।

ਗੁਰੂ ਸਾਹਿਬ ਅਤੇ ਬਾਦਸ਼ਾਹ ਤਾਹਮਸਬ ਦਰਮਿਆਨ ਮੇਲ ਸ਼ਾਹ ਸਰਫ ਰਾਂਹੀ ਹੀ ਹੋਇਆ ਸੀ। ਅਕਲ ਪੱਖੋ ਬਾਦਸ਼ਾਹ ਗੁਰੂ ਸਾਹਿਬ ਨੂੰ ਅਨਾੜੀ ਹੀ ਦਿੱਸਿਆ। ਲਗਦੈ ਕਿ ਬਾਦਸ਼ਾਹ ਦੀ ਰੂਹਾਨੀਅਤ ਦੀਆਂ ਗੱਲਾਂ ਨਾਲ ਜਰਾ ਦਿਲਚਸਪੀ ਨਹੀ ਸੀ। ਇਸ ਮੌਕੇ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ:

ਮਾਰੂ ਮਹਲਾ ੧ ॥ ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥ ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥ ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥ ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥ ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ ॥ ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥ ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥ ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥ ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥ ਅਗੈ ਕਿਆ ਜਾਣਾ ਨਾਹਿ ਮੈ ਭੂਲੇ ਤੂ ਸਮਝਾਇ ॥ ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥ ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ ॥੪॥ ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ ॥ ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ ॥ ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ ॥੫॥ ਭੂਖ ਪਿਆਸੋ ਜੇ ਭਵੈ ਕਿਆ ਤਿਸੁ ਮਾਗਉ ਦੇਇ ॥ ਬੀਜਉ ਸੂਝੈ ਕੋ ਨਹੀ ਮਨਿ ਤਨਿ ਪੂਰਨੁ ਦੇਇ ॥ ਜਿਨਿ ਕੀਆ ਤਿਨਿ ਦੇਖਿਆ ਆਪਿ ਵਡਾਈ ਦੇਇ ॥੬॥ ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥ ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥ ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥੭॥ ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥ ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥ ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥

-----◈-----

## ਜਦੋਂ ਸੇਵਾਦਾਰ ਨੂੰ ਬਜਾਰ ਵਿਚ ਸ਼ੇਰ, ਕੁੱਤੇ, ਬਘਿਆੜ ਨਜ਼ਰ ਆਏ

ਜਦੋਂ ਗੁਰੂ ਸਾਹਿਬ ਪੀਰ ਬਹਿਲੋਲ ਦੇ ਤਕੀਏ ਤੇ ਬਿਰਾਜੇ ਹੋਏ ਸਨ ਤਾਂ ਮਰਦਾਨੇ ਨੇ ਕੁਝ ਖਾਣ ਵਾਸਤੇ ਗਲ ਕੀਤੀ। ਪੀਰ ਨੇ ਝੱਟ ਰਜਾ ਨਾਂ ਦੇ ਸੇਵਾਦਾਰ ਨੂੰ ਦਿਨਾਰ ਦਾ ਸਿੱਕਾ ਦਿੱਤਾ ਤੇ ਕਿਹਾ ਕਿ ਜਾ ਕੇ ਬਜਾਰ ਵਿਚੋਂ ਖਾਣਾ ਲੈ ਕੇ ਆ। ਜਦੋਂ ਰਜਾ ਤੁਰਨ ਲੱਗਾ ਤਾਂ ਮਰਦਾਨੇ ਨੇ ਕਿਹਾ ਕਿ ਕਿਸੇ ਸਾਫ ਸੁਥਰੇ ਈਮਾਨਦਾਰ ਤੰਦੂਰ ਤੋਂ ਰੋਟੀ ਲਿਆਈ।

ਇਸ ਤੇ ਪੀਰ ਬੋਲ ਉਠੇ, "ਮਰਦਾਨਿਆ ਬਗਦਾਦ ਵਿਚ ਖੁਦਾ ਦੀ ਬਰਕਤ ਹੈ। ਇਥੇ ਹਿੰਦੁਸਤਾਨ ਵਰਗੇ ਬੇਈਮਾਨ ਦੁਕਾਨਦਾਰ ਨਹੀ ਹਨ। "

ਗੁਰੂ ਸਾਹਿਬ ਉਸ ਵੇਲੇ ਆਪਣੇ ਕੇਸ ਵਾਹ ਰਹੇ ਸਨ। ਉਨਾਂ ਰਜ਼ਾ ਨੂੰ ਕਿਹਾ ਕਿ ਜਰਾ ਠਹਿਰ ਜਾ। ਗੁਰੂ ਸਾਹਿਬ ਨੇ ਪੀਰ ਨੂੰ ਸੰਬੋਧਨ ਹੋ ਕੇ ਕਿਹਾ ਕਿ ਨਹੀ ਪੀਰ ਜੀ ਦੁਕਾਨਦਾਰ ਇਥੋਂ ਦੇ ਵੀ



ਬਾਦਸ਼ਾਹ ਤਾਹਮਾਸਬ ਹਿੰਦੁਸਤਾਨ ਦੇ ਬਾਦਸ਼ਾਹ ਹਮਾਯੂ ਦੇ ਸਤਿਕਾਰ ਵਿਚ ਜਸ਼ਨ ਮਨਾਉਦੇ ਹੋਏ। ਇਹ ਹੱਥ ਬਣੀ ਤਸਵੀਰ 1544 ਈ ਦੀ ਹੈ। ਭਾਵ ਗੁਰੂ ਸਾਹਿਬ ਦੇ ਮਿਲਣ ਤੋਂ 14 ਸਾਲ ਬਾਦ ਦੀ। ਗੌਰ ਕਰੋ ਇਥੇ ਵੀ ਸ਼ਾਹ ਜਵਾਨੀ ਵਿਚ ਹੀ ਨਜਰ ਆ ਰਿਹਾ ਹੈ। ਇਸ ਬਾਦਸ਼ਾਹ ਨੇ ਬਹੁਤ ਲੰਮਾ ਅਰਸਾ ਰਾਜ ਕੀਤਾ (1524 ਤੋਂ 1576 ਤਕ) ਇਸ ਦੇ ਦੌਰ ਵੇਲੇ ਕਈ ਰਸਾਲੇ ਲਿਖੇ ਗਏ। ਜਰੂਰਤ ਹੈ ਕੋਈ ਸਿੱਖ ਵਿਦਵਾਨ ਇਹਨਾਂ ਰਸਾਲਿਆਂ ਦੀ ਘੋਖ ਕਰੇ। ਸਾਨੂੰ ਉਮੀਦ ਹੈ ਕਿਤੇ ਨਾਂ ਕਿਤੇ ਗੁਰੂ ਸਾਹਿਬ ਬਾਰੇ ਵੀ ਜਿਕਰ ਹੋਵੇਗਾ। ਰਸਾਲਿਆਂ ਦੇ ਨਾਂ ਵੇਖਣੇ ਲਈ ਜਾਓ ਇਸ ਸਾਈਟ ਤੇ:

http://www.iranicaonline.org/articles/tahmasp-i

ਬੜੇ ਲਾਲਚੀ, ਨਿਰਦਈ ਤੇ ਜਾਨਵਰ ਹਨ।

ਗੁਰੂ ਸਾਹਿਬ ਨੇ ਰਜਾ ਨੂੰ ਆਪਣੇ ਵਾਹੇ ਹੋਏ ਵਾਲ ਫੜਾਉਦੇ ਹੋਏ ਕਿਹਾ ਕਿ ਰਜਾ ਜਦੋਂ ਤੂੰ ਕਿਸੇ ਦੁਕਾਨ ਤੇ ਜਾਏ ਤਾਂ ਇਨਾਂ ਵਾਲਾਂ ਦੇ ਗੁਛੇ ਰਾਂਹੀ ਦੁਕਾਨਦਾਰ ਨੂੰ ਵੇਖੀ ਤੈਨੂੰ ਉਹਦਾ ਅਸਲ ਰੂਪ ਨਜਰ ਆਏਗਾ। ਫਿਰ ਜਿਹੜਾ ਅਸਲ ਇਨਸਾਨ ਦਿਸੇ, ਓਹਦੇ ਕੋਲੋਂ ਰੋਟੀ ਲੈ ਕੇ ਆਵੀ।

ਰਜ਼ਾ ਬਜਾਰ ਪਹੁੰਚਿਆ। ਜਿਵੇ ਇਕ ਤੰਦੂਰ (ਬੇਕਰੀ) ਨਜਰ ਆਈ। ਰਜਾ ਨੇ ਬਾਬੇ ਦੇ ਵਾਲਾਂ ਦੇ ਗੁੱਛੇ ਰਾਂਹੀ ਜਦੋਂ ਦੁਕਾਨਦਾਰ ਤੇ ਨਿਗਾ ਮਾਰੀ ਤਾਂ ਦੁਕਾਨ ਤੇ ਉਨੂੰ ਬਘਿਆੜ ਬੈਠਾ ਨਜਰ ਆਇਆ। ਰਜ਼ਾ ਇਕ ਦਮ ਤ੍ਰਬਕ ਗਇਆ ਤੇ

ਪੈੜ ਸਫਾ

https://www.ahlalhdeeth.com/vb/showthread.php?t=89178

✚ ਗਿਆਨੀ -270

### ਇਰਾਕ ਦੇ ਸੂਬੀ ਸਿੱਖ ਨਹੀ ਹੁੰਦੇ–

ਵਿਦਵਾਨ ਪ੍ਰੋ. ਗੰਡਾ ਸਿੰਘ ਤੇ ਡਾ. ਕਿਰਪਾਲ ਸਿੰਘ ਨੂੰ ਕਿਤੇ ਗਲਤ ਜਾਣਕਾਰੀ ਮਿਲੀ ਸੀ ਜਿੰਨਾਂ ਇਰਾਕ ਵਿਚ ਵਸਦੇ ਸਾਬੀਅਨ ਲੋਕਾਂ ਨੂੰ ਸਿੱਖ ਲਿਖ ਦਿੱਤਾ ਹੈ। ਕਿਰਪਾਲ (132) ਲਿਖਦੇ ਹਨ:-

"ਇਰਾਕ ਵਿਚ ਹੁਣ ਤੱਕ ਓਲ ਸਬੀਆ ਸਬੀਅਨ ਜਾ ਸੂਬੀ ਲੋਕ ਵਸਦੇ ਹਨ ਜੋ ਆਪਣੇ ਆਪ ਨੂੰ ਨਾਨਕ ਦੇ ਨਾਮ ਲੇਵਾ ਦਸਦੇ ਹਨ। ਇਹ ਦਾੜੀਆਂ ਤੇ ਕੇਸ ਰਖਦੇ ਹਨ। ਗਲਿਆਂ ਦੁਆਲੇ ਗੁਰੂ ਨਾਨਕ ਦੀ ਤਸਵੀਰ ਲਟਕਾਉਦੇ ਹਨ ਅਤੇ ਜਿਆਦਾ ਸੁਨਿਆਰਿਆਂ ਦਾ ਕੰਮ ਕਰਦੇ ਹਨ। "

ਲਗਦਾ ਹੈ ਕਿ ਇਨਾਂ ਲਿਖਾਰੀਆਂ ਨੂੰ ਕੋਈ ਅਜਿਹਾ ਸਬੀਅਨ ਮਿਲ ਗਇਆ ਜਿਸ ਦੀ ਗੁਰੂ ਨਾਨਕ ਵਿਚ ਸ਼ਰਧਾ ਸੀ। ਜਿਸ ਕਾਰਨ ਵਿਦਵਾਨਾਂ ਨੇ ਸਾਰੀ ਸਬੀਅਨ ਕੌਮ ਨੂੰ ਸਿੱਖ ਲਿਖ ਦਿੱਤਾ। ਜਦੋਂ ਕਿ ਸਚਾਈ ਇਹ ਹੈ ਕਿ ਸਬੀਅਨ ਜਾਂ ਜਿਵੇ ਇਰਾਕੀ ਇਨਾਂ ਨੂੰ ਸਦਦੇ ਹਨ 'ਅਲ ਸਬੀਆ' ਬਹੁਤ ਪੁਰਾਣਾ ਫਿਰਕਾ ਹੈ ਅਤੇ ਇਸ ਦਾ ਜਿਕਰ ਬਕਾਇਦਾ ਕੁਰਾਨ ਵਿਚ ਵੀ ਮਿਲਦਾ ਹੈ। ਇਹ ਈਸਾਈਆਂ ਦਾ ਬਹੁਤ ਕੱਟੜ ਫਿਰਕਾ ਹੈ। ਵੇਖੋ:

https://en.wikipedia.org/wiki/Sabians
https://en.wikipedia.org/wiki/Mandaeism

ਅਗਾਹ ਤੁਰ ਪਿਆ। ਅੱਗੇ ਜਾ ਕੇ ਫਿਰ ਜਦੋਂ ਉਹ ਇਕ ਤੰਦੂਰ ਤੇ ਪਹੁੰਚਿਆ ਤੇ ਫਿਰ ਵਾਲਾਂ ਦੀ ਐਨਕ ਰਾਂਹੀ ਨਿਗਾ ਮਾਰੀ ਤਾਂ ਕੀ ਵੇਖਦਾ ਹੈ ਹੱਟੀ ਦੇ ਥੜੇ ਤੇ ਬਹੁਤ ਖੂਬਸੂਰਤ ਰੰਗ ਬਿਰੰਗਾ ਕੁੱਕੜ ਬਿਰਾਜਮਾਨ ਹੈ। ਰਜਾ ਮੰਨ ਹੀ ਮੰਨ ਵਿਚ ਮੁਸਕਰਾ ਪਿਆ। ਸੋਚਿਆ ਇਹਦੇ ਕੋਲੋ ਰੋਟੀ ਲੈ ਲਵੋ। ਫਿਰ ਖਿਆਲ ਆਇਆ ਬਾਬਾ ਜੀ ਨੇ ਤਾਂ ਕਿਹਾ ਸੀ ਕਿ ਕਿਸੇ ਇਨਸਾਨ ਕੋਲੋਂ ਰੋਟੀ ਲਿਆਈ।





ਪੀਰ ਬਹਿਲੋਲ ਦਾਨਾ ਦੇ ਮਕਬਰੇ ਲਾਗੇ ਬਣੇ ਮੰਜੀ ਸਾਹਿਬ ਦੀ ਪੁਰਾਣੀ ਤਸਵੀਰ। 2003 ਵਿਚ ਇਰਾਕ ਦੀ ਖਾਨਾਜੰਗੀ ਮੌਕੇ ਇਸ ਗੁਰਦੁਆਰੇ ਤੇ ਵੀ ਬੰਬ ਸੁੱਟੇ ਗਏ ਸਨ। ਥੜਾ ਸਾਹਿਬ ਦਾ ਨੁਕਸਾਨ ਹੋਇਆ ਹੈ ਪਰ ਗੁਰਦੁਆਰਾ ਸਾਹਿਬ ਮੌਜੂਦ ਹੈ। ਇਥੇ ਹੀ ਸਿਲਲੇਖ (ਸੱਜੇ) ਹੁੰਦਾ ਸੀ।

ਰਜਾ ਅੱਗੇ ਇਕ ਹੋਰ ਤੰਦੂਰ ਤੇ ਪਹੁੰਚਿਆ ਤਾਂ ਉਨੂੰ ਦੁਕਾਨ ਤੇ ਰਿੱਛ ਬੈਠਾ ਨਜਰ ਆਇਆ। ਏਸੇ ਤਰਾਂ ਵੱਖ ਵੱਖ ਦੁਕਾਨਾਂ ਦੇ ਮਾਲਕ ਉਨੂੰ ਵੱਖ ਵੱਖ ਵੰਨਗੀਆਂ ਦੇ ਜਾਨਵਰ ਹੀ ਦਿਸੇ। ਅਖੀਰ ਜਦੋਂ ਵਾਹਵਾ ਦੂਰ ਨਿਕਲ ਗਇਆ ਤਾਂ ਇਕ ਤੰਦੂਰ ਵਾਲਾ ਦੇ ਚਸ਼ਮੇ ਰਾਂਹੀ ਉਨੂੰ ਇਕ ਨਿਮਾਣਾ ਜਿਹਾ ਬੰਦਾ ਦਿਸਿਆ। ਰਜੇ ਨੇ ਦਿਨਾਰ ਉਨੂੰ ਫੜਾਇਆ ਤੇ ਖਾਣੇ ਦੀ ਮੰਗ ਕੀਤੀ।

ਦੁਕਾਨਦਾਰ ਨੇ ਰੋਟੀ ਚਾਵਲ ਤੇ ਸਬਜ਼ੀਆਂ ਨਾਲ ਚੰਗੇਰ ਭਰ ਦਿੱਤੀ। ਰਜਾ ਨੂੰ ਮਹਿਸੂਸ ਹੋਇਆ ਕਿ ਇਸ ਭਾਈ ਨੂੰ ਕੁਝ ਭੁਲੇਖਾ ਲੱਗਾ ਹੈ ਮੈਂ ਤਾਂ ਸਿਰਫ ਇਕ ਦਿਨਾਰ ਦਿੱਤਾ ਹੈ ਇਹ ਵੱਧ ਖਾਣਾ ਦੇ ਰਿਹਾ ਹੈ। ਰਜੇ ਨੇ ਤੰਦੂਰ ਵਾਲੇ ਨੂੰ ਯਾਦ ਦਿਵਾਇਆ ਕਿ ਮੈਂ ਸਿਰਫ ਦਿਨਾਰ ਹੀ ਦਿੱਤਾ ਹੈ। ਅੱਗੋ ਦੁਕਾਨਦਾਰ ਬੋਲਿਆ ਰਜਾ ਤੂੰ ਛੇਤੀ ਪਹੁੰਚ ਪ੍ਰਾਹੁੰਣਿਆਂ ਨੂੰ ਜੋਰ ਦੀ ਭੁੱਖ ਲੱਗੀ ਹੋਈ ਹੈ।

ਰਜਾ ਨੇ ਆ ਕੇ ਪੀਰ ਨੂੰ ਸਾਰੀ ਗਲ ਸੁਣਾਈ ਤਾਂ ਪੀਰ ਫਿਰ ਗੁਰੂ ਜੀ ਦੇ ਚਰਨਾਂ ਦੇ ਢਹਿ ਪਿਆ।

-----◈-----

## ਬਹਿਲੋਲ ਦਾਨਾ ਵਾਲੀ ਯਾਦਗਾਰ ਜਿਥੇ ਗੁਰੂ ਸਾਹਿਬ ਠਹਿਰੇ ਸਨ, ਨੁਕਸਾਨੀ ਗਈ ਹੈ, ਪਰ ਮੌਜੂਦ ਹੈ

ਜਿੱਥੇ ਗੁਰੂ ਸਾਹਿਬ ਬਿਰਾਜੇ ਸਨ ਉਥੇ ਬਕਾਇਦਾ ਯਾਦਗਾਰ ਸੰਨ 1918 ਈ ਵਿਚ ਵੀ ਮੌਜੂਦ ਸੀ। ਮੁਕਾਮੀ ਲੋਕ ਇਨੂੰ ਬਹਿਲੋਲ ਦਾ ਮਕਬਰਾ ਕਰਕੇ ਜਾਣਦੇ ਸਨ। ਇਥੇ ਗੁਰੂ ਸਾਹਿਬ ਦੀ ਆਮਦ ਬਾਬਤ ਸਿਲਲੇਖ ਵੀ ਹੁੰਦਾ ਸੀ। ਸਿਲ ਲੇਖ ਦੀ ਅਬਾਰਤ ਦਾ ਤਰਜਮਾ ਦੋ ਲਿਖਾਰੀਆਂ ਨੇ ਵੱਖ ਵੱਖ ਦਿੱਤਾ ਹੈ।■

ਇਕ ਹੋਰ ਸਰੋਤ ਅਨੁਸਾਰ ਇਹ ਬਹਿਲੋਲ ਦਾ ਮਕਬਰਾ ਜਿੱਥੇ ਗੁਰੂ ਸਾਹਿਬ ਦੀ ਯਾਦਗਾਰ ਮੌਜੂਦ ਹੈ ਦਾ ਟਿਕਾਣਾ ਕੁਝ ਇਸ ਪ੍ਰਕਾਰ ਹੈ:-

ਨਵੇਂ ਹਵਾਈ ਅੱਡੇ ਅਤੇ ਬਗਦਾਦ ਪੱਛਮੀ ਰੇਲਵੇ ਸਟੇਸ਼ਨ ਦੇ ਦਰਮਿਆਨ ਜਿਹੇ ਵਿਚ। ਇਹ ਹਾਰੂਨ ਅਲ ਰਸ਼ੀਦ ਦੀ ਬੇਗਮ ਸਿੱਤ ਜੁਬੈਦਾ ਦੇ ਮਕਬਰੇ ਦੇ ਲਾਗੇ ਹੈ ਤੇ ਨੇੜੇ ਹੀ ਯੂਸ਼ਾ ਨਬੀ ਦਾ ਮਕਬਰਾ ਹੈ।

ਪਹਿਲੀ ਆਲਮੀ ਜੰਗ ਵੇਲੇ 1917 ਵਿਚ ਸਿੱਖ ਫੌਜੀਆਂ ਨੇ ਬਗਦਾਦ ਵਿਖੇ ਉਹ ਸਥਾਨ ਲੱਭ ਲਿਆ ਜਿੱਥੇ ਬੈਠ ਗੁਰੂ ਸਾਹਿਬ ਦੀ ਇਥੋਂ ਦੇ ਪੀਰ ਬਹਿਲੋਲ ਨਾਲ ਗੋਸ਼ਟੀ ਹੋਈ ਸੀ। ਇਹ ਸਥਾਨ ਪੁਰਾਣੇ ਕਬਰਸਥਾਨ ਦੇ ਪਹਾੜ ਪਾਸੇ ਭਾਵ ਬਗਦਾਦ ਸਮਾਰਾ ਰੇਲਵੇ ਲਾਈਨ ਦੇ ਦੱਖਣ ਪਾਸੇ ਹੈ।■

ਗਵਾਹ ਲਿਖਦਾ ਹੈ:-

ਮੁਕਾਮੀ ਲੋਕਾਂ ਨੂੰ ਇਸ ਥਾਂ ਦੀ ਅਹਿਮੀਅਤ ਦਾ ਪਤਾ ਨਹੀ। ਉਹ ਇਨੂੰ ਵੀ ਬਹਿਲੋਲ ਦਾ ਮਕਬਰਾ ਕਰਕੇ ਜਾਣਦੇ ਹਨ। ਜਿਵੇ ਆਪਾਂ ਛੋਟੇ ਜਿਹੇ ਬੂਹੇ ਰਾਂਹੀ ਇਮਾਰਤ ਦੀ ਚਾਰ ਦੀਵਾਰੀ ਵਿਚ ਵੜਦੇ ਹਾਂ ਉਥੇ ਇਕ ਕਮਰਾ ਹੈ ਜਿਸ ਵਿਚ ਕਬਰ ਤੇ ਇਕ ਥੜਾ ਹੈ ਜਿਸ ਤੇ ਅਰਬੀ ਵਿਚ ਲਿਖਿਆ ਸਿਲ ਲੇਖ ਹੈ। ਥੜਾ ਢਾਈ ਫੁੱਟ ਉੱਚਾ 3' ਗੁਣਾ 4 ਫੁਟ ਚੌੜਾ ਲੰਮਾ ਹੈ। (ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਥੇ ਗੁਰੂ ਸਾਹਿਬ ਬੈਠੇ ਸਨ।)

ਸਿਲ ਲੇਖ ਜੋ ਤੁਰਕੀ ਭਾਸ਼ਾ ਵਿਚ ਸੀ ਦਾ ਮਤਲਬ ਕੁਝ ਇਸਤਰਾਂ ਨਿਕਲਦਾ ਹੈ:-

> ਜਦੋਂ ਉਸ ਵੇਖਿਆ ਕਿ ਹਜ਼ਰਤ ਰਬੀ ਮਜੀਦ ਬਾਬਾ ਨਾਨਕ, ਫਕੀਰ ਔਲੀਆ ਦੀ ਇਹ ਯਾਦਗਾਰ ਢਹਿ ਚੁੱਕੀ ਹੈ ਤਾਂ ਸਯਦ ਮੁਰਾਦ ਨੇ ਬਖਸ਼ਸ਼ਾਂ ਹਾਸਲ ਕਰਨ ਲਈ, ਆਪਣੇ ਹੱਥੀ ਇਹ ਇਮਾਰਤ ਬਣਾਈ ਤਾਂ ਕਿ ਆਉਣ ਵਾਲੀਆਂ ਪੀੜੀਆਂ ਲਈ ਸਾਂਭੀ ਰਹੇ। ਸਾਲ 917 ਹਿਜਰੀ।

ਇਕ ਗਲ ਤਾਂ ਬੜੀ ਸਾਫ ਸਪੱਸ਼ਟ ਹੈ ਕਿ ਇਹ ਸਿਲਲੇਖ ਗੁਰੂ ਸਾਹਿਬ ਦੀ ਬਗਦਾਦ ਆਮਦ ਤੋਂ ਬਹੁਤ ਬਾਦ ਵਿਚ ਲਿਖਿਆ ਗਇਆ। ਮਤਲਬ ਉਥੇ ਜਿਹੜੀ ਯਾਦਗਾਰੀ ਇਮਾਰਤ ਸੀ ਉਹ

ਢਹਿ ਚੁੱਕੀ ਸੀ। ਅਮੂਮਨ ਇਮਾਰਤਾਂ 50-100 ਸਾਲ ਕੱਢ ਹੀ ਜਾਂਦੀਆਂ ਹਨ। (ਉਂਜ ਢਹਿਣ ਨੂੰ ਤਾਂ ਕੋਈ ਇਮਾਰਤ ਅਗਲੇ ਵੀ ਦਿਨ ਢਹਿ ਸਕਦੀ ਹੈ।) ਮਤਲਬ ਇਹ ਲੇਖ ਕੋਈ 50-100 ਸਾਲ ਬਾਦ ਹੀ ਹੋਂਦ ਵਿਚ ਆਇਆ ਹੋਵੇਗਾ। ਇਹ ਵੀ ਹੋ ਸਕਦੈ ਸਿੱਖ ਰਾਜ ਦੇ ਹੋਂਦ ਵਿਚ ਆਉਣ ਦੇ ਕਾਲ ਵਿਚ ਇਹ ਲਿਖਿਆ ਗਇਆ ਹੋਵੇ। ਉਹਨੀ ਦਿਨੀ ਪੰਜਾਬੀ ਵਪਾਰੀ ਅਤੇ ਸੂਫੀ ਫਕੀਰ ਆਮ ਹੀ ਬਗਦਾਦ ਤਕ ਆਉਦੇ ਸਨ। ਸੋ ਸਿਲਲੇਖ ਮੌਕੇ ਦਾ ਗਵਾਹ ਨਹੀ ਹੈ। ਇਹਨਾਂ ਕਾਰਨਾਂ ਕਰਕੇ ਇਸ ਵਿਚ ਦਿੱਤਾ ਸਾਲ ਭਰੋਸੇਯੋਗ ਨਹੀ ਰਹਿ ਜਾਂਦਾ।

ਇਸੇ ਸਿਲਲੇਖ ਤੋਂ ਪ੍ਰਭਾਵਤ ਹੋ ਕੇ ਸਭ ਲਿਖਾਰੀਆਂ ਨੇ ਚੌਥੀ ਉਦਾਸੀ ਦੀ ਤਾਰੀਖ 1520 ਈ ਦੇ ਆਸ ਪਾਸ ਜੜ੍ਹ ਦਿੱਤੀ ਜਦੋਂ ਕਿ ਅਸਲ ਵਿਚ ਇਹ 1529-32 ਦੇ ਦਰਮਿਆਨ ਹੈ।

ਇਸ ਬਾਬਤ ਸਭ ਤੋਂ ਪਹਿਲਾਂ ਛਪਣ ਵਾਲੀ ਰਿਪੋਰਟ ਵਿਚ ਸਿਲ ਦੀ ਇਬਾਰਤ ਦਾ ਉਲਥਾ ਸਵਾਮੀ ਅਨੰਦ ਅਚਾਰੀਆ ਨੇ ਆਪਣੀ ਪੁਸਤਕ 'SNOW BIRDS' ਵਿਚ ਵੀ ਕੁਝ ਇਸ ਤਰਾਂ ਕੀਤਾ ਹੈ✚:-

> ਦੇਖੀ ਜਿਸ ਨੇ ਹਜ਼ਰਤ ਬਾਬਾ ਨਾਨਕ ਫਕੀਰ ਦੀ ਦਰਗਾਹ ਰੱਬ ਮਜੀਦ ਨੇ ਉਸ ਨੂੰ ਉਸ ਦੇ ਦਿਲ ਦੀ ਮੁਰਾਦ ਦਿੱਤੀ ਤੇ ਸੱਤਾਂ (ਅਸਮਾਨਾਂ ਦੇ ਫਰਿਸ਼ਤਿਆਂ ਨੇ ਉਸ ਦੀ) ਮਦਦ ਕੀਤੀ ਤੇ ਇਹ ਉਸ (ਇਮਾਰਤ) ਦੀ ਤਾਰੀਖ ਨਿਕਲੀ ਕਿ ਫੈਜ ਦਾ ਚਸ਼ਮਾ (ਆਪਣੇ) ਨੇਕ ਬਖਤ ਮੁਰੀਦਾਂ ਲਈ ਜਾਰੀ ਕਰ ਦਿੱਤਾ।

ਉੱਤੇ ਦਿੱਤੇ ਤਰਜਮੇ ਤੋਂ ਲਗਦਾ ਹੈ ਕਿ ਜੋ 917 ਹਿਜਰੀ ਲਿਖਿਆ ਹੈ ਉਹ ਉਸ ਯਾਦਗਾਰੀ ਇਮਾਰਤ ਦਾ ਉਸਾਰੀ ਸਾਲ ਹੈ ਜੋ ਢਹਿ ਚੁੱਕੀ ਸੀ। ਸੋ ਇਮਾਰਤ ਉਸਾਰੀ ਦਾ ਸਾਲ ਗੁਰੂ ਸਾਹਿਬ ਦੀ ਆਮਦ ਦਾ ਸਾਲ ਹੋਣਾ ਉਂਜ ਵੀ ਜਰੂਰੀ ਨਹੀ। ਇਸ ਵਿਚ 917 ਹਿਜਰੀ ਭਾਵ 1511 ਈ. ਦਿੱਤਾ ਹੈ ਜਦੋਂ ਅਜੇ ਗੁਰੂ ਸਾਹਿਬ ਆਪਣੀ ਪੂਰਬ ਦੀ ਉਦਾਸੀ ਵਿਚ ਬੰਗਾਲ-ਬਿਹਾਰ-ਉੜੀਸਾ ਵਿਚ ਸਨ।

ਸੋ ਇਹ ਸਿਲ ਗੁਰੂ ਸਾਹਿਬ ਦੀ ਆਮਦ ਤੋਂ ਬਹੁਤ ਬਾਦ ਵਿਚ ਲਿਖੀ ਗਈ ਸੀ। ਹੋ ਸਕਦਾ ਸਦੀ ਡੇਢ ਬਾਦ ਵਿਚ ਹੋਵੇ ਜਦੋਂ ਇਮਾਰਤ ਡਿੱਗ ਪਈ ਸੀ ਤਾਂ।

## ਮੌਜੂਦਾ ਹਾਲਾਤ

ਤਾਜਾ ਰਪਟਾਂ ਅਨੁਸਾਰ ਗੁਰੂ ਸਾਹਿਬ ਦੀ ਯਾਦਗਾਰ ਤੇ ਆਈ ਐਸ ਐਸ ਐਸ ਦੇ ਬਗਦਾਦ ਦੇ ਕਬਜੇ ਦੌਰਾਨ ਜਾਣ ਬੁੱਝ ਕੇ










1.ਇਰਾਕੀਆਂ ਪੀਰ ਬਹਿਲੋਲ ਦਾਨਾ ਦਾ ਮਕਬਰਾ ਤਾਂ ਵਧੀਆ ਬਣਾ ਲਿਆ ਹੈ। ਜਿਹੜੀ ਕੰਧ ਨਜਰ ਆ ਰਹੀ ਹੈ ਇਹ ਗੁਰਦੁਆਰਾ ਸਾਹਿਬ ਨਾਲ ਸਾਂਝੀ ਹੈ। 2.ਉਹ ਥੜਾ ਸਾਹਿਬ ਮਿਟਾ ਦਿਤਾ ਗਇਆ ਹੈ। ਜਿਥੇ ਕਿਸੇ ਵੇਲੇ ਗਿਆਨੀ ਸੰਤ ਸਿੰਘ ਮਸਕੀਨ ਨੇ ਥੜਾ ਸਾਹਿਬ ਦੇ ਦਰਸ਼ਨ ਕੀਤੇ ਸਨ।

3. ਨਵੰਬਰ 2017 ਵਿਚ ਇਕ ਸਿੱਖ ਨੇ ਇਸ ਸਥਾਨ ਬਾਰੇ ਵੀਡਿਓ ਯੂਟਿਊਬ ਤੇ ਪਾਈ ਹੈ ਉਸ ਮੁਤਾਬਿਕ ਉਸ ਦੀ ਫੋਟੋ ਤੋਂ ਪਿਛੇ ਜੋ ਕੰਧ ਦਿਖਾਈ ਦੇ ਰਹੀ ਹੈ ਇਥੇ ਥੜਾ ਤੇ ਸਿਲਲੇਖ ਹੁੰਦਾ ਸੀ।

ਬੰਬਾਰੀ ਕੀਤੀ ਗਈ। ਜਿਸ ਨਾਲ ਯਾਦਗਾਰ ਨੂੰ ਭਾਰੀ ਨੁਕਸਾਨ ਪਹੁੰਚਾ ਹੈ। ਯਾਦਗਾਰ ਵਿਚ ਉਹ ਸਿਲ ਜਿਸ ਤੇ ਇਬਾਰਤ ਲਿਖੀ ਹੋਈ ਸੀ, ਢਾਹ ਦਿੱਤਾ ਗਇਆ ਸੀ। ਭਾਰਤੀ ਰਸਾਲੇ ਆਉਟਲੁੱਕ ਇੰਡੀਆ ਵਿਚ 25 ਮਈ 2007 ਨੂੰ ਇਕ ਖਬਰ ਵੀ ਛਪੀ ਹੈ:-

"ਈਰਾਕੀ ਕੌਮੀ ਲੀਡਰ ਅਹਿਮਦ ਚਲਾਬੀ ਦੇ ਹਵਾਲੇ ਨਾਲ ਇਹ ਖਬਰ ਦਿੱਤੀ ਜਾਂਦੀ ਹੈ ਕਿ ਗੁਰੂ ਨਾਨਕ ਦਾ ਗੁਰਦੁਆਰਾ ਜੋ ਦਜਲਾ ਨਦੀ ਕੰਢੇ ਸੀ ਉਸ ਨੂੰ ਦੁਬਾਰਾ ਉਸਾਰਨ ਲਈ ਇਰਾਕੀ ਸਰਕਾਰ ਵਚਨ ਬੱਧ ਹੈ। ਉਸ ਕਿਹਾ ਕਿ ਇਹ ਦੁਖਦਾਇਕ ਗਲ ਹੈ ਕਿ ਕੁਝ ਕੱਟੜ ਫਿਰਕਾਪ੍ਰਸਤ ਲੋਕਾਂ ਨੇ ਸਮਝਿਆ ਸੀ ਕਿ ਇਹ ਅਸਥਾਨ ਇਸਲਾਮ ਦੇ ਵਿਰੁਧ ਹੈ। ਪਰ ਓਨਾਂ ਮੂਰਖਾਂ ਨੇ ਇਹ ਅਹਿਸਾਸ ਨਾਂ ਕੀਤਾ ਕਿ ਇਸ ਨੂੰ ਕ੍ਰੋੜਾਂ ਲੋਕ ਮੰਨਦੇ ਹਨ। ਲੀਡਰ ਨੇ ਇਨਕਾਰ ਕੀਤਾ ਕਿ ਗੁਰਦੁਆਰਾ ਸਾਹਿਬ ਨੂੰ ਈਰਾਕੀ ਫੌਜ ਨੇ ਢਾਹਿਆ ਹੈ, ਉਸ ਕਿਹਾ ਕਿ ਇਹ ਕਿਸੇ ਕੱਟੜ ਨੇ ਤੋਪ ਦੇ ਬੰਬ ਨਾਲ ਉਡਾਇਆ ਸੀ। ਅਸਥਾਨ ਦੀ ਚਾਰ ਦੀਵਾਰੀ ਓਸੇ ਤਰਾਂ ਬਰਕਰਾਰ ਹੈ। ਅਸਥਾਨ ਦੇ ਸੰਗ ਮਰਮਰੀ ਫਰਸ਼ ਨੂੰ ਢਾਹ ਦਿਤਾ ਗਇਆ ਹੈ। ਇਮਾਰਤ ਦੀ ਛੱਤ ਵੀ ਡਿੱਗ ਚੁੱਕੀ ਹੈ। ਜਦੋਂ ਇਹ ਈਰਾਕੀ ਵਜੀਰ ਇਸ ਅਸਥਾਨ ਦੇ ਪਹੁੰਚਿਆ ਤਾਂ ਹਿੰਦੂ ਸੰਤ ਸ਼੍ਰੀ ਸ਼੍ਰੀ ਰਵੀ ਸ਼ੰਕਰ ਉਸ ਦੇ ਨਾਲ ਸੀ।"

ਯੂਟਿਊਬ ਤੇ ਇਸ ਸਬੰਧ ਵਿਚ ਇਕ ਵੀਡੀਓ ਵੀ ਮੌਜੂਦ ਹੈ ◆ਜਿਸ ਅਨੁਸਾਰ ਸੰਨ 2002-3 ਵੇਲੇ ਇਸ ਯਾਦਗਾਰ ਨੂੰ ਬੰਬਾਂ ਨਾਲ ਢਾਹਿਆ ਗਇਆ ਸੀ। ਮੰਜੀ ਸਾਹਿਬ ਢਾਹ ਦਿਤਾ ਗਇਆ ਹੈ ਤੇ ਉਹ ਸਿਲਲੇਖ ਵੀ ਫਨਾਹ ਕਰ ਦਿਤਾ ਹੈ। ਸਰਕਾਰੀ ਸੰਤ ਸ਼੍ਰੀ ਸ਼੍ਰੀ ਨੇ ਉਂਜ ਰਿਪੋਰਟ ਗੋਲ ਮੋਲ ਜਿਹੀ ਦਿੱਤੀ ਸੀ। ਲਗਦਾ ਸੀ ਕਿ ਸ਼੍ਰੀ ਸ਼੍ਰੀ ਨੂੰ ਭਾਰਤ ਸਰਕਾਰ ਵਲੋਂ ਭੇਜਿਆ ਗਿਆ ਸੀ। ਸੁਣਿਐ ਹੈ ਸ਼੍ਰੀ ਸ਼੍ਰੀ ਵੀ ਬਾਹਰ ਦੇ ਸਿੱਖਾਂ ਨੂੰ ਇਹ ਪ੍ਰਭਾਵ ਕਿਤੇ ਦਿੰਦਾ ਹੈ ਕਿ ਉਹ ਸਿੱਖੀ ਦਾ ਖੈਰਖਵਾਹ ਹੈ।

—▲—

ਪੈੜ ਸੂਹ

* ਗਿਆਨੀ

■ ਪਪਪ-340, ਨਾਲੇ ਵੇਖੋ ਸੂਰਜ ਪ੍ਰਕਾਸ਼- 1053, ✚ ਸੂਰਜ ਪ੍ਰਕਾਸ਼- 1053

◆ ਆਉਟਲੁੱਕ ਰਸਾਲੇ ਦੇ ਸਿੱਖ ਪਤ੍ਰਕਾਰ ਨੂੰ ਅਸਾਂ ਹੋਰ ਜਾਣਕਾਰੀ ਲੈਣ ਲਈ ਈਮੇਲ ਕੀਤੀ ਪਰ ਉਸ ਨੇ ਕੋਈ ਜਵਾਬ ਨਹੀ ਦਿੱਤਾ। ਵੇਖੋ ਵੀਡੀਓ: https://www.youtube.com/watch?v=vmARHlNum48

ਬਾਬ-62ਅ

# ਬਗਦਾਦ ਤੋਂ ਵਾਪਸੀ ਅਤੇ ਮਰਦਾਨੇ ਦਾ ਚਲਾਣਾ

## ਖੁਰਮਾਬਾਦ ਵਿਖੇ ਭਾਈ ਮਰਦਾਨੇ ਦਾ ਚਲਾਣਾ

ਨਵੰਬਰ ਦਸੰਬਰ (ਭਰ ਸਰਦੀ ਦੇ ਦਿਨ)॰

ਗੁਰੂ ਸਾਹਿਬ ਬਗਦਾਦ ਵਿਚ ਕੋਈ ਪੰਜ- ਛੇ ਮਹੀਨੇ ਰਹੇ। ਕੁਝ ਲਿਖਾਰੀਆਂ ਦਾ ਮੰਨਣਾ ਹੈ ਕਿ ਸਾਹਿਬ ਇਥੇ ਲੱਗ ਪੱਗ ਸਾਲ ਰਹੇ। ਇਥੇ ਮਰਦਾਨੇ ਦੀ ਸਿਹਤ ਕੁਝ ਖਰਾਬ ਹੋ ਗਈ। ਰਾਜੇ ਦੇ ਹਕੀਮਾਂ ਨੇ ਇਲਾਜ ਕੀਤਾ। ਸਮਾਂ ਪਾ ਕੇ ਜਦੋਂ ਠੀਕ ਹੋਇਆ ਤਾਂ ਕਾਹਲਾ ਪੈ ਗਇਆ ਕਿ ਬਾਬਾ ਹੁਣ ਹੋਰ ਨਹੀ ਬਸ ਘਰ ਚਲੀਏ। ਚਾਰੇ ਪੰਜਾਬ ਨੂੰ ਰਵਾਨਾ ਹੋ ਤੁਰੇ।



ਬਾਲਾ ਦਾ ਦਰਬੇਲਾ ਜਾਂ ਦਰਬ ਏ ਰਿਕਾ ਦੀਆਂ ਪਹਾੜੀਆਂ ਜਿਥੇ ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਤੇਰੇ ਚਲਾਣੇ ਦਾ ਵੇਲਾ ਆ ਗਇਆ ਹੈ।

ਕਿਉਕਿ ਗੁਰੂ ਸਾਹਿਬ ਨਾਲ ਇਕ ਜਣਾ ਭਾਵ ਰੁਕੁਨੁਦੀਨ ਜਾਂ ਸ਼ੇਖ ਬਹਾਵਦੀ ਮੁਲਤਾਨ ਤੋਂ ਸੀ ਇਸ ਕਰਕੇ ਇਹੋ ਤਹਿ ਕੀਤਾ ਕਿ ਲਹੌਰ ਦਾ ਰਾਹ ਅਖਤਿਆਰ ਕਰਨ ਬਿਜਾਏ ਮੁਲਤਾਨ ਦਾ ਰਾਹ ਫੜਿਆ ਜਾਵੇ। ਉਂਜ ਵੀ ਓਨੀ ਦਿਨੀ ਜਿਆਦਾ ਆਵਾਜਾਈ ਮੁਲਤਾਨ ਨੂੰ ਸੀ। ਮੁਲਤਾਨ ਹੀ ਭਾਰਤੀ ਉਪ ਮਹਾਂਦੀਪ ਦਾ ਵਪਾਰਕ ਦਰਵਾਜਾ ਗਿਣਿਆ ਜਾਂਦਾ ਸੀ। ਭਾਵ ਪੱਛਮ ਵਲੋਂ ਸਾਰਾ ਵਪਾਰ ਮੁਲਤਾਨ ਦੇ ਜਰੀਏ ਹੀ ਹੁੰਦਾ ਸੀ। ਫਿਰ ਮੁਲਤਾਨ ਦੇ ਰਾਹ ਦੋ ਵੱਡੇ ਸ਼ਹਿਰ ਵੀ ਪੈਨੇ ਸਨ: ਇਸਫਾਹਾਨ ਤੇ ਕੰਧਾਰ।

ਭਾਈ ਮਰਦਾਨਾ ਉਮਰ ਵਿਚ ਗੁਰੂ ਸਾਹਿਬ ਤੋਂ ਤਕਰੀਬਨ 10 ਸਾਲ ਵੱਡਾ ਸੀ। ਬਚਪਨ ਤੋਂ ਹੀ ਉਨੂੰ ਧਾਰਮਿਕ ਲਗਨ ਸੀ। ਜਦੋਂ ਅਜੇ ਗੁਰੂ ਸਾਹਿਬ ਬਚਪਨ ਵਿਚ ਹੀ ਸਨ ਤਾਂ ਮਰਦਾਨਾ ਬਾਬਾ ਜੀ ਨੂੰ ਧਾਰਮਿਕ ਜਲਸਿਆਂ ਵਿਚ ਲੈ ਜਾਇਆ ਕਰਦਾ ਸੀ। ਬਾਬਾ ਜੀ ਜਦੋਂ ਸੁਲਤਾਨਪੁਰ ਵਿਖੇ ਮੋਦੀ ਦਾ ਕੰਮ ਕਰਦੇ ਸਨ ਓਦੋਂ ਵੀ ਮਰਦਾਨਾ ਗੁਰੂ ਸਾਹਿਬ ਕੋਲ ਕੁਝ ਸਮਾਂ ਰਿਹਾ ਸੀ।

ਤਿੰਨ ਲੰਮੀਆਂ ਉਦਾਸੀਆਂ ਕਰਨ ਉਪਰੰਤ ਮਰਦਾਨਾ ਆਪਣੇ ਪ੍ਰਵਾਰ ਕੋਲ ਤਲਵੰਡੀ ਹੁਸ਼ੰਗ ਆ ਗਇਆ ਸੀ।

ਚੌਥੀ ਉਦਾਸੀ ਅਰੰਭ ਕਰਨ ਵੇਲੇ ਗੁਰੂ ਸਾਹਿਬ ਮਰਦਾਨੇ ਨੂੰ ਆਪਣੇ ਨਾਲ ਲਿਜਾਣ ਵਾਸਤੇ ਖੁੱਦ ਉਹਦੇ ਪਿੰਡ ਗਏ ਸਨ। ਕਿਉਕਿ ਵੱਡੀ ਉਮਰ ਹੋਣ ਦੇ ਬਾਵਜੂਦ ਮਰਦਾਨੇ ਨੇ ਮੱਕੇ ਦੀ ਯਾਤਰਾ ਕਰਨ ਦੀ ਇਛਾ ਜ਼ਾਹਿਰ ਕੀਤੀ ਸੀ।

ਬਗਦਾਦ ਰਹਿੰਦਿਆਂ ਹੀ ਮਰਦਾਨੇ ਦੀ ਸਿਹਤ ਕੁਝ ਵਿਗੜ ਚੁੱਕੀ ਸੀ। ਥੋੜਾ ਠੀਕ ਹੋਣ ਤੇ ਮਰਦਾਨੇ ਨੇ ਛੇਤੀ ਘਰ ਪਰਤਣ ਦੀ ਜ਼ਿੱਦ ਕੀਤੀ। ਗੁਰੂ ਸਾਹਿਬ ਫਿਰ ਬਗਦਾਦ ਤੋਂ ਖੁਰਮਾਬਾਦ, ਅਲੀ ਗੁਦਾਰ, ਦਰਬਸ਼ਾਹ ਪਹਾੜ ਦੇ ਉਤਰ ਦੀ, ਇਸਫਾਹਨ, ਕਾਬੁਲ, ਪੇਸ਼ਾਵਰ ਹੁੰਦੇ ਹੋਏ ਕੋਈ 3500 ਕਿ. ਮੀ ਦਾ ਪੈਂਡਾ ਤਹਿ ਕਰਕੇ ਕਰਤਾਰਪੁਰ ਪਹੁੰਚਣ ਲਈ ਰਵਾਨਾ ਹੋ ਗਏ। ਬਹੁਤਾ ਕਠਨ ਪਹਾੜੀ ਰਸਤਾ ਸੀ: ਅਨੇਕਾਂ ਦਰਿਆ ਨਾਲੇ ਪਰਬਤ ਪਹਾੜ।

ਬਗਦਾਦ ਤੋਂ ਚਲਿਆਂ ਅਜੇ ਹਫਤਾ ਕੁ ਹੀ ਹੋਇਆ ਸੀ ਤੇ ਇਕ ਉੱਚੀ ਪਹਾੜੀ ਦਾਰਬ ਇ ਰਿਕਾ (ਜਿਹਨੂੰ ਬਾਲੇ ਨੇ ਦਰਬੇਲਾ ਲਿਖਿਆ ਹੈ) ਜਿਥੋਂ ਖੁਰਮਾਬਾਦ ਨੂੰ ਬੜਾ ਕਠਨ ਰਸਤਾ ਜਾਂਦਾ ਸੀ ਤੇ ਪਹੁੰਚ ਮਰਦਾਨੇ ਦੀ ਸਿਹਤ ਜਿਆਦਾ ਹੀ ਵਿਗੜ ਗਈ। ਪਰਬਤ ਤੇ ਕੋਈ ਟਿਕਾਣਾ ਵੇਖ ਓਥੇ ਹੀ ਚਾਰੇ ਜਾਣੇ ਅਰਾਮ ਲਈ ਬਹਿ ਗਏ।

ਜਦੋਂ ਮਰਦਾਨੇ ਦੀ ਤਕਲੀਫ ਵਧੀ ਤਾਂ ਬਾਰ ਬਾਰ ਇਹੋ ਦੁਹਾਈ ਦੇਵੇ 'ਹਾਏ ਉਹ ਰੱਬਾ ਚੁੱਕ ਲੈ ਮੈਨੂੰ'।

ਨਾਲ ਦੇ ਸਾਥੀਆਂ ਨੇ ਬਾਬਾ ਜੀ ਨੂੰ ਕਿਹਾ ਕਿ ਮਰਦਾਨੇ ਦਾ ਕੁਝ ਕਰੋ ਬਹੁਤ ਤੰਗ ਹੈ। ਗੁਰੂ ਜੀ ਨੇ ਮਜਾਕੀਆ ਲਹਿਜੇ ਵਿਚ ਕਹਿ ਦਿੱਤਾ ਭਾਈ ਇਨੂੰ ਕਾਹਲੀ ਹੀ ਬਹੁਤ ਹੈ। ਬਾਰ ਬਾਰ ਕਹਿ ਰਿਹਾ ਸੀ ਗੁਰੂ ਜੀ ਘਰ ਚਲੀਏ, ਘਰ ਚਲੀਏ, ਭਾਈ ਇਹ ਘਰ ਜਾਣ ਦੀ ਤਿਆਰੀ ਹੋ ਰਹੀ ਹੈ।

ਮਰਦਾਨਾ ਇਕ ਦਮ ਤ੍ਰਬਕਿਆ। 'ਹੈਂ ਗੁਰੂ ਜੀ'।

ਗੁਰੂ ਸਾਹਿਬ ਨੇ ਕਿਹਾ 'ਹਾਂ ਭਾਈ'।

ਮਰਦਾਨਾ ਬੋਲ ਉਠਿਆ, 'ਨਹੀ ਗੁਰੂ ਜੀ ਇਸ ਤਰਾਂ ਨਾਂ ਕਰੋ। ਮੈਨੂੰ ਆਪਣੇ ਚਰਨਾਂ ਦੇ ਨਾਲ ਹੀ ਰੱਖੋ। ਮੈਂ ਭੁੱਖੇ ਪਿਆਸੇ ਰਹਿ ਕੇ ਵੀ ਤੁਹਾਡਾ ਸਾਥ ਨਹੀ ਛੱਡਿਆ। ਹੁਣ ਇਸ ਤਰਾਂ ਨਾਂ ਕਰੋ।'

ਗੁਰੂ ਸਾਹਿਬ ਕਹਿਣ ਲੱਗੇ ਮਰਦਾਨਿਆ ਤੂੰ ਤਾਂ ਗਿਆਨਵਾਨ ਹੈਂ। ਓਥੇ ਤਾਂ ਸਦੀਵੀ ਅਨੰਦ ਹੈ। ਇਹ ਸਰੀਰ ਦੁਖਾਂ ਤਕਲੀਫਾਂ ਦਾ ਘਰ ਹੈ। ਅਸੀ ਵੀ ਤਾਂ ਛੇਤੀ ਓਸੇ ਘਰ ਚਲੇ ਆਉਣਾ। ਭਾਈ ਕਿਉ ਤੂੰ ਭੁਲ ਰਿਹਾ ਹੈ, ਰੋਜ ਸਵੇਰੇ ਆਪੇ ਹੀ ਤੇ ਪੜ੍ਹਨੇ," ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ "

ਮਰਦਾਨੇ ਦਾ ਚਿਹਰਾ ਇਕ ਦਮ ਜਗ ਮਗਾ ਉਠਿਆ।

"ਨਹੀ ਬਾਬਾ ਜੀ ਤਾਂ ਮਖੌਲ ਕਰ ਰਿਹਾ ਸੀ, ਓਥੇ ਤਾਂ ਹਰ ਕਿਸੇ ਨੇ ਪਹੁੰਚਣਾ ਹੈ। ਮੇਰੀ ਭੁੱਖ ਪਿਆਸ ਤਾਂ ਜਰੀਆ ਸੀ ਅਕਾਲ ਪੁਰਖ ਦਾ ਸੁਨੇਹਾ ਲੋਕਾਈ ਤੱਕ ਪਹੁੰਚਾਉਣ ਲਈ। ਗੁਰੂ ਜੀ ਇਹ ਮਿਰਾਸੀ ਤਾਂ ਭਾਗਾਂ ਵਾਲਾ ਹੈ ਜਿਸ ਨੂੰ ਨਿਰੰਕਾਰ ਸਰੂਪ ਦੇ ਚਰਨਾਂ ਵਿਚ ਰਹਿਣ ਦਾ ਮੌਕਾ ਮਿਲਿਆ ਹੈ। ਸਾਖਸ਼ਾਤ ਅਕਾਲ ਪੁਰਖ ਦੇ ਚਰਨਾਂ ਤੋਂ ਵਿਛੜਦਿਆਂ ਮੰਨ ਨੂੰ ਧੂ ਤਾਂ ਪੈਂਦੀ ਹੈ। ਮੌਤ ਤੋਂ ਕੌਣ ਡਰਦਾ ਹੈ?"

ਗੁਰੂ ਸਾਹਿਬ ਨੇ ਮਰਦਾਨੇ ਨੂੰ ਗਲ ਨਾਲ ਲਾਇਆ। ਵਿਛੋੜੇ ਦੇ ਦਰਿਆ ਹਰ ਕਿਸੇ ਦੀ ਅੱਖ ਵਿਚੋ ਵਹਿ ਰਹੇ ਸਨ।

ਮਰਦਾਨੇ ਨੇ ਕਿਹਾ "ਗੁਰੂ ਜੀ! ਤੁਸੀ ਵੀ?"

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਇਹ ਸਰੀਰ ਕੁਦਰਤ ਦੇ ਅਸੂਲਾਂ ਤਹਿਤ ਹੈ।

ਫਿਰ ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਉਠ ਤਾਰ ਕੱਸ।

ਮਰਦਾਨੇ ਦੇ ਦੁੱਖ ਦਰਦ ਪੀੜਾ ਪਤਾ ਨਹੀ ਕਿਥੇ ਚਲੇ ਗਏ। ਮਰਦਾਨਾ ਤਾਂ ਇਕ ਦਮ ਅਨੰਦ ਵਾਲੀ ਅਵਸਥਾ ਵਿਚ ਸੀ। ਸਰੀਰ ਵਿਚ ਪਤਾ ਨਹੀ ਕਿਥੋਂ ਤਾਕਤ ਆ ਗਈ।

ਗੁਰੂ ਸਾਹਿਬ ਨੇ ਕਿਹਾ ਸੋਰਠ ਦੀ ਧੁਨਿ ਵਜਾ। ਸ਼ਬਦ ਆਇਆ:

**ਸੋਰਠਿ ਮਹਲਾ ੧ ॥ ਜਿਨ੍ਹੀ ਸਤਿਗੁਰੁ ਸੇਵਿਆ ਪਿਆਰੇ ਤਿਨ੍ ਕੇ ਸਾਥ ਤਰੇ ॥ ਤਿਨ੍ਹਾ ਠਾਕ ਨ ਪਾਈਐ ਪਿਆਰੇ ਅੰਮ੍ਰਿਤ ਰਸਨ ਹਰੇ ॥ ਬੂਡੇ ਭਾਰੇ ਭੈ ਬਿਨਾ ਪਿਆਰੇ ਤਾਰੇ ਨਦਰਿ ਕਰੇ ॥੧॥ ਭੀ ਤੂਹੈ ਸਾਲਾਹਣਾ ਪਿਆਰੇ ਭੀ ਤੇਰੀ ਸਾਲਾਹ ॥ ਵਿਣੁ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹ ॥੧॥ ਰਹਾਉ ॥ ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਕੋਇ ॥ ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ ॥ ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ ॥੨॥ ਪਤਿ ਪਰਵਾਨਾ ਸਾਚ ਕਾ ਪਿਆਰੇ ਨਾਮੁ ਸਚਾ ਨੀਸਾਣੁ ॥ ਆਇਆ ਲਿਖਿ ਲੈ ਜਾਵਣਾ ਪਿਆਰੇ ਹੁਕਮੀ ਹੁਕਮੁ ਪਛਾਣੁ ॥ ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ ਸਾਚੇ ਸਾਚਾ ਤਾਣੁ ॥੩॥ ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ ॥ ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ ॥ ਗੁਰਮੁਖਿ ਦਰਗਹ ਜਾਣੀਐ ਪਿਆਰੇ ਚਲੈ ਕਾਰਜ ਸਾਰਿ ॥੪॥ ਹੁਕਮੈ ਅੰਦਰਿ ਆਇਆ ਪਿਆਰੇ ਹੁਕਮੇ ਜਾਦੋ ਜਾਇ ॥ ਹੁਕਮੇ ਬੰਨ੍ਹਿ ਚਲਾਈਐ ਪਿਆਰੇ ਮਨਮੁਖਿ ਲਹੈ ਸਜਾਇ ॥ ਹੁਕਮੇ ਸਬਦਿ ਪਛਾਣੀਐ ਪਿਆਰੇ ਦਰਗਹ ਪੈਧਾ ਜਾਇ ॥੫॥ ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ ॥ ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ ॥ ਹੁਕਮੁ ਸਿਵਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ ॥੬॥ ਆਖਣਿ ਅਉਖਾ ਆਖੀਐ ਪਿਆਰੇ ਕਿਉ ਸੁਣੀਐ ਸਚੁ ਨਾਉ ॥ ਜਿਨ੍ਹੀ ਸੋ ਸਾਲਾਹਿਆ ਪਿਆਰੇ ਹਉ ਤਿਨ੍ ਬਲਿਹਾਰੈ ਜਾਉ ॥ ਨਾਉ ਮਿਲੈ ਸੰਤੋਖੀਆਂ ਪਿਆਰੇ ਨਦਰੀ ਮੇਲਿ ਮਿਲਾਉ ॥੭॥ ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ ਧਾਰਿ ॥ ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ ॥ ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ ॥੮॥੩॥**

ਲੰਮਾ ਸਮਾਂ ਸ਼ਬਦ ਚਲਿਆ। ਮਰਦਾਨੇ ਦੀ ਰਬਾਬ ਨੇ ਪਰਬਤ ਗੂੰਜਣ ਲਾ ਦਿੱਤੇ। ਹਰ ਪਾਸੇ ਚਹਿਲ ਪਹਿਲ ਹੋ ਗਈ। ਇਸ ਜੰਗਲ ਪਰਬਤ ਦੇ ਪਸ਼ੂ ਪੰਛੀ ਸਭ ਅਨੰਦ ਵਿਚ ਸਨ। ਫਿਰ ਸਭ ਸੌਂ ਗਏ।

ਅੰਮ੍ਰਿਤ ਵੇਲਾ ਹੋਇਆ। ਗੁਰੂ ਸਾਹਿਬ ਨੇ ਮਰਦਾਨੇ ਨੂੰ ਜਗਾਇਆ। ਮਰਦਾਨੇ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਗਾਈਆਂ। ਭੋਗ ਪਾਇਆ।

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਚਲੋ ਭਾਈ ਰਵਾਨਾ ਹੋਵੀਏ।

---

ਪੈੜ ਸਫ਼ਾ

⊙ ਕਿਉਕਿ ਕੰਧਾਰ ਵਿਖੇ ਕੜਾਕੇ ਦੀ ਠੰਡ ਹੈ। ਬਰਫ ਜੰਮੀ ਹੋਈ ਹੈ।

ਬਾਲਾ ਜਨਮਸਾਖੀ (ਬਾਲਾ-262) ਮੁਤਾਬਿਕ ਇਸ ਉਪਰੰਤ ਗੁਰੂ ਸਾਹਿਬ ਚਮਤਕਾਰੀ ਭਾਵ ਅੱਖ ਦੇ ਫੋਰ ਨਾਲ ਹੀ ਤਲਵੰਡੀ ਬਾਲੇ ਦੇ ਖੂਹ ਪਹੁੰਚੇ ਗਏ ਤੇ ਬਾਲੇ ਨੂੰ ਹੁਕਮ ਕੀਤਾ ਕਿ ਜਾ ਮਰਦਾਨੇ ਦੇ ਪੁੱਤਰ ਸ਼ਹਿਜਾਦੇ ਨੂੰ ਸਾਡੇ ਕੋਲ ਇਥੇ ਖੂਹ ਤੇ ਹੀ ਸੱਦ ਲਿਆ। ਬਾਲਾ ਨੇ ਬੇਨਤੀ ਕੀਤੀ ਕਿ ਤੁਹਾਨੂੰ ਵੀ ਚਾਹੀਦਾ ਕਿ ਪਿੰਡ ਵਿਚ ਫੇਰਾ ਪਾਓ। ਗੁਰੂ ਸਾਹਿਬ ਨੇ ਕਿਹਾ ਕਿ ਪਿੰਡ ਵਿਚ ਹੁਣ ਨਾ ਤਾਂ ਰਾਇ ਬੁਲਾਰ ਰਿਹਾ ਨਾਂ ਪਿਤਾ ਕਾਲੂ ਅਤੇ ਨਾਂ ਹੀ ਮਾਤਾ ਤ੍ਰਿਪਤਾ। ਮਰਦਾਨੇ ਦੀ ਘਰ ਦੀ ਵੀ ਜਾ ਚੁੱਕੀ ਹੋਈ ਹੈ। ਹੋਰ ਕਿਸੇ ਨੂੰ ਕੋਈ ਖਾਸ ਖਿੱਚ ਨਹੀ। ਹਾਂ ਚਾਚਾ ਲਾਲੂ ਬਚਿਆ ਹੈ ਪਰ ਉਨੂੰ ਰੂਹਾਨੀਅਤ ਦੀਆਂ ਗੱਲਾਂ ਨਾਲ ਕੋਈ ਵਾਸਤਾ ਨਹੀ। ਜੇ ਮੈਂ ਪਿੰਡ ਗਇਆ ਤਾਂ ਐਵੇ ਚੰਬੜੇਗਾ। ਜਮੀਨ ਜਾਇਦਾਦਾਂ ਦੀਆਂ ਗੱਲਾਂ ਕਰਕੇ ਐਵੇ ਮੇਰਾ ਸਿਰ ਖੱਪਾਏਗਾ। ਮੈਂ ਐਤਕਾ ਪਿੰਡ ਨਹੀ ਜਾਣਾ। ਤੂੰ ਚੁੱਪ ਚੁੱਪੀਤੇ ਸ਼ਹਿਜਾਦੇ ਨੂੰ ਸੱਦ ਲਿਆ।

ਮਨ੍ਹੇਰ ਦਾ ਵੇਲਾ ਸੀ। ਬਾਲਾ ਦਿੱਤੇ ਹੁਕਮ ਮੁਤਾਬਿਕ ਸ਼ਹਿਜਾਦੇ ਨੂੰ ਸੱਦ ਲਿਆਇਆ। ਗੁਰੂ ਸਾਹਿਬ ਨੇ ਸ਼ਹਿਜਾਦੇ ਨੂੰ ਮਰਦਾਨੇ ਦੇ ਚਲਾਣੇ ਦੀ ਸਾਰੀ ਗਲ ਦੱਸੀ। ਜਦੋਂ ਬਾਰ ਬਾਰ ਸ਼ਹਿਜਾਦੇ ਨੇ ਜਾਨਣਾ ਚਾਹਿਆ ਕਿ ਮੇਰਾ ਪਿਓ ਕਿਥੇ ਰਹਿ ਗਇਆ ਤਾਂ ਗੁਰੂ ਸਾਹਿਬ ਨੇ ਕਿਰਪਾ ਦ੍ਰਿਸ਼ਟੀ ਕਰਕੇ ਅੱਖ ਦੇ ਫੋਰ ਵਿਚ ਸ਼ਹਿਜਾਦੇ ਨੂੰ ਵੀ ਆਪਣੇ ਨਾਲ ਖੁਰਮਾਬਾਦ ਲੈ ਆਂਦਾ।

ਫਿਰ ਸ਼ਹਿਜਾਦੇ ਨੂੰ ਕਿਹਾ ਕਿ ਬੇਸ਼ੱਕ ਇਥੇ ਰਹੋ। ਇਥੇ ਜੇ ਰਹੇਗਾ ਤਾਂ ਇਥੇ ਤੇਰੀ ਸਿੱਖੀ ਸੇਵਕੀ ਹੋਵੇਗੀ। ਸ਼ਹਿਜਾਦਾ ਕਹਿਣ ਲੱਗਾ ਕਿ ਗੁਰੂ ਜੀ ਇਥੇ ਮੈਂ ਕਿਸ ਦੇ ਆਸਰੇ ਰਹਾਂਗਾ ਨਾਂ ਕੋਈ ਜਾਣ ਨਾਂ ਪਛਾਣ, ਬੋਲੀ ਇਥੋਂ ਦੀ ਵੱਖਰੀ। ਗੁਰੂ ਸਾਹਿਬ ਨੇ ਕਿਹਾ ਕਿ ਇਥੇ ਤੇਰੀ ਜਾਣ ਪਛਾਣ ਸਭ ਹੋ ਜਾਏਗੀ। ਬੋਲੀ ਵੀ ਆ ਜਾਏਗੀ। ਫਿਰ ਸ਼ਹਿਜਾਦਾ ਕਹਿਣ ਲੱਗਾ ਕਿ ਗੁਰੂ ਜੀ ਟੱਬਰ ਪ੍ਰਵਾਰ ਦਾ ਕੀ ਕਰਾਂ? ਗੁਰੂ ਸਾਹਿਬ ਨੇ ਕਿਹਾ ਕਿ ਵਕਤ ਪਾ ਕੇ ਟੱਬਰ ਵੀ ਇਥੇ ਲੈ ਆਵੀਂ ਅਤੇ ਕਿਹਾ ਕਿ ਜਦੋਂ ਵੀ ਤੂੰ ਸਾਨੂੰ ਯਾਦ ਕਰੇਗਾਂ ਅਸੀ ਤੇਰੇ ਨਾਲ ਹੋਵਾਂਗੇ। ਭਰੋਸਿਆਂ ਦੇ ਬਾਵਜੂਦ ਸ਼ਹਿਜਾਦੇ ਨੇ ਆਪਣੇ ਜੱਦੀ ਪਿੰਡ ਤਲਵੰਡੀ ਰਹਿਣ ਨੂੰ ਹੀ ਪਹਿਲ ਦਿੱਤੀ। ਅੱਖ ਦੇ ਫੋਰ ਵਿਚ ਸ਼ਹਿਜਾਦਾ ਤਲਵੰਡੀ ਸੀ।

ਬਾਲਾ ਨੇ ਪਤਾ ਟਿਕਾਣਾ ਲਗਪਗ ਸਾਫ ਸਾਫ ਹੀ ਦਿਤਾ ਹੈ (Coardinates) ਮਰਦਾਨੇ ਦਾ ਚਲਾਣਾ ਖੁਰਮਾਬਾਦ, ਲੋਰੇਸਤਾਨ (ਈਰਾਨ) ਵਿਚ ਹੋਇਆ ਸੀ: ਖੁਰਮਾਬਾਦ ਅਤੇ ਦਰਬੇਲਾ।

**ਸੋ ਭਾਈ ਮਰਦਾਨੇ ਦੇ ਚਲਾਣੇ ਬਾਰੇ ਸਾਨੂੰ ਤਾਂ ਕਿਸੇ ਤਰਾਂ ਦਾ ਕੋਈ ਸ਼ੱਕ ਰਹਿ ਹੀ ਨਹੀ ਜਾਂਦਾ ਕਿ ਇਹ ਖੁਰਮਾਬਾਦ ਹੋਇਆ ਸੀ ਫਿਰ ਵੀ ਦੂਸਰੇ ਪੱਖ ਵੀ ਪੇਸ਼ ਕਰਨਾਂ ਬਣਦਾ ਹੈ।**

ਮਰਦਾਨੇ ਦੇ ਚਲਾਣੇ ਬਾਰੇ ਸਾਨੂੰ ਖਬਰ ਬਾਲੇ ਵਾਲੀ ਜਨਮ ਸਾਖੀ (ਪੰ. 252 ਅਤੇ 261), ਵਿਚੋਂ ਮਿਲਦੀ ਹੈ। ਬਦਕਿਸਮਤੀ ਨਾਲ ਮਰਦਾਨੇ ਦੇ ਅੰਤਮ ਅਸਥਾਨ ਬਾਰੇ ਵੀ ਵਿਵਾਦ ਹੈ। ਭਾਈ ਮਨੀ ਸਿੰਘ ਵਾਲੀ ਸਾਖੀ ਚਲਾਣਾ ਕਰਤਾਰਪੁਰ ਦਾ ਦਸਦੀ ਹੈ। ਨਾਲੇ ਗਿਆਨੀ (297) ਸਮੇਤ ਅਨੇਕਾਂ ਹੋਰ ਲਿਖਾਰੀਆਂ ਨੇ ਪੇਸ਼ਾਵਰ ਦੇ ਨੇੜੇ ਕੁਰਮ ਇਲਾਕੇ ਵਿਚ ਚਲਾਣਾ ਹੋਣਾ ਲਿਖਿਆ ਹੈ। ਨਾਲੇ ਸਾਲ 1524 ਈ. ਲਿਖਿਆ ਹੋਇਆ ਹੈ ਜੋ ਕਿਸੇ ਤਰਾਂ ਵੀ ਦਰੁਸਤ ਨਹੀ।




ਭਾਈ ਮਰਦਾਨੇ ਦੇ ਚਲਾਣੇ ਦੇ ਪਤੇ ਟਿਕਾਣੇ ਬਾਰੇ ਕੋਈ ਸ਼ੱਕ ਰਹਿ ਹੀ ਨਹੀ ਜਾਂਦਾ। ਬਾਲਾ ਜਨਮ ਸਾਖੀ ਨੇ ਜੋ ਇਸ਼ਾਰੇ ਦਿੱਤੇ ਹਨ ਉਹ ਨਕਸ਼ੇ ਤੇ ਪੂਰੇ ਉਤਰਦੇ ਹਨ। ਖੁਰਮਾਬਾਦ ਹੋਰ ਵੀ ਹੈਨ ਪਰ ਲੋਰਿਸਤਾਨ ਵਾਲਾ ਖੁਰਮਾਬਾਦ ਹੀ ਪੁਰਾਣਾ ਸ਼ਹਿਰ ਹੈ ਅਤੇ ਬਗਦਾਦ ਤੋਂ ਮੁਲਤਾਨ ਦੇ ਐਨ ਰਾਹ ਵਿਚ ਪੈਂਦਾ ਹੈ।

ਇਸ ਸਬੰਧ ਵਿਚ ਅਸੀ ਕੁਰਮ ਦੇ ਇਲਾਕੇ ਦੇ ਕੁਝ ਸਿੱਖਾਂ ਨਾਲ ਗਲਬਾਤ ਕੀਤੀ ਤੇ ਪਤਾ ਲਗਾ ਕਿ ਸਥਾਨਕ ਪੱਧਰ ਤੇ ਅਜਿਹੀ ਕੋਈ ਪ੍ਰੰਪਰਾ ਹੀ ਨਹੀ ਕਿ ਮਰਦਾਨੇ ਦਾ ਚਲਾਣਾ ਇਥੇ ਹੋਇਆ ਹੋਵੇ। ਹਾਲਾਂ ਓਥੇ ਗੁਰੂ ਸਾਹਿਬ ਦੇ ਹੋਰ ਯਾਦਗਾਰੀ ਸਥਾਨ ਮੌਜੂਦ ਹਨ। ਫਿਰ ਇਸ ਇਲਾਕੇ ਵਿਚ ਸਿੱਖੀ ਪ੍ਰੰਪਰਾ ਵੀ ਵਧੀਆ ਤਰੀਕੇ ਨਾਲ ਸੀਨਾ ਬਸੀਨਾ ਸਾਂਭੀ ਹੋਈ ਹੈ।

ਨਾਲੇ ਅੰਤ ਵੇਲੇ ਮਰਦਾਨੇ ਦੇ ਖਜੂਰ (ਫਾਰਸੀ: ਖੁਰਮਾ) ਖਾਣ ਦੀ ਗਲ ਵੀ ਹੈ। ਜਿਸ ਕਰਕੇ ਕੁਰਮ ਇਲਾਕੇ ਦੀ ਸੰਭਾਵਨਾ ਨਹੀ ਰਹਿੰਦੀ।

ਫਿਰ ਜਿਹੜਾ ਭਾਈ ਮਨੀ ਸਿੰਘ (616) ਲਿਖਿਆ ਹੈ ਕਿ ਮਰਦਾਨੇ ਦਾ ਚਲਾਣਾ ਕਰਤਾਰਪੁਰ ਹੋਇਆ ਸੀ ਪਰ ਸਾਨੂੰ ਭੁਲਣਾ ਨਹੀ ਚਾਹੀਦਾ ਕਿ ਓਸੇ ਸਾਖੀ ਵਿਚ ਹੇਠ ਲਿਖੀ ਅਬਾਰਤ ਵੀ ਲਿਖੀ ਹੋਈ ਹੈ:-

> "ਫਿਰ ਸਿੱਖਾਂ ਭਾਈ ਮਨੀ ਸਿੰਘ ਥੀਂ ਪੁੱਛਿਆ ਜੀ ਖੁਰਮੇ ਦੇਸ ਵਿਚ ਮਰਦਾਨੇ ਦੀ ਕਬਰ ਜਨਮ-ਗੋਸਟ ਵਿਚ ਲਿਖੀ ਹੈ ਅਰ ਸਿੱਖ ਦੇਖ ਆਏ ਹਨ ਤਾਂ ਭਾਈ ਮਨੀ ਸਿੰਘ ਨੇ ਕਹਿਆ ਜੋ ਸਾਹਿਬਾਂ ਬਚਨ ਕੀਤਾ ਸੀ ਕਿ ਤੇਰੀ ਮੜੀ ਪੁਜਾਈਏ ਜੋ ਓਨਾਂ ਦੇ ਵਚਨਾਂ ਕਰ ਇਉ ਭੀ ਹੋਇਆ ਹੋਵੇਗਾ।"

ਸੋ ਭਾਈ ਮਨੀ ਸਿੰਘ ਜੀ ਨੇ ਮੰਨਿਆ ਹੈ ਕਿ ਚਲਾਣਾ ਖੁਰਮੇ ਹੋਣ ਦੀ ਵੀ ਸੰਭਾਵਨਾ ਹੈ ਪਰ ਮਰਦਾਨੇ ਨੂੰ ਸਾੜਿਆ ਗਇਆ ਸੀ।

ਇਸ ਪ੍ਰਕਾਰ ਇਹ ਗਲ ਤਾਂ ਸਾਫ ਹੋ ਜਾਂਦੀ ਹੈ ਕਿ ਮਰਦਾਨੇ ਦਾ ਚਲਾਣਾ ਖੁਰਮੇ ਹੋਇਆ ਸੀ। ਬਾਕੀ ਜਿਹੜਾ ਦਫਨਾਉਣ ਨਾਲੋ ਸਾੜਨਾ ਲਿਖਿਆ ਹੈ ਉਥੇ ਅਸੀ ਵੀ ਸਹਿਮਤ ਹਾਂ।

ਪਰ ਅਗਲੀ ਮੁਸ਼ਕਲ ਇਹ ਹੈ ਕਿ ਖੁਰਮੇ ਵੀ ਈਰਾਨ ਵਿਚ ਤਿੰਨ ਚਾਰ ਹਨ। (ਗੂਗਲ ਨਕਸ਼ੇ ਤੇ ਵੇਖੋ Khorramshahr and Khorramabad)

1. ਖੁਰਮਾਬਾਦ ਜਿਲਾ ਮਜ਼ਾਂਦਰਾਨ, ਤਹਿਰਾਨ ਦੇ ਉੱਤਰ ਵਿਚ ਕੈਸਪੀਅਨ ਸਮੁੰਦਰ ਕਿਨਾਰੇ। ਛੋਟਾ ਜਿਹਾ ਸ਼ਹਿਰ। ਕੋਈ ਪੁਰਾਣਾ ਇਤਹਾਸ ਨਹੀ।

2. ਕਿਰਮਾਨਸ਼ਾਹ ਸੂਬੇ ਵਿਚ ਖੁਰਮਾਬਾਦ ਨਾਂ ਦੇ ਤਿੰਨ ਪਿੰਡ। ਇਨਾਂ ਦਾ ਵੀ ਕੋਈ ਇਤਹਾਸ ਨਹੀ। ਨਵੇ ਪਿੰਡ ਹੀ ਹਨ। ਕੁਰਦਿਸਤਾਨ ਸੂਬੇ ਵਿਚ ਵੀ ਖੁਰਮਾਬਾਦ ਨਾਂ ਦਾ ਪਿੰਡ ਹੈ।

ਪੈੜ ਅਗਲੇ ਸਫੇ ਤੇ **ਚਲਦਾ** ➡

ਮਰਦਾਨਾ ਕਹਿਣ ਲੱਗਾ ਬਾਬਾ ਮੇਰੀ ਦੇਹ ਨੇ ਕਿਥੇ ਛੁਟਣਾ ਹੈ?

ਗੁਰੂ ਸਾਹਿਬ ਮੁਸਕਰਾਏ। "ਮਰਦਾਨਿਆ ਤੇਰਾ ਮੋਹ ਤਾਂ ਖਜੂਰਾਂ ਵਿਚ ਸੀ। ਐਡੀ ਪੋਟਲੀ ਕਾਹਨੂੰ ਬੰਨ ਲਿਆਦੀ ਸੀ? ਇਹ ਖਾ ਤੇ ਆਪਣਾ ਅੰਨ ਦਾਣਾ ਮੁਕਾ। ਭਾਈ ਤੇਰੇ ਚਲਾਣੇ ਵਿਚ ਅਜੇ ਚਾਰ ਦਿਨ ਬਾਕੀ ਨੇ। "

ਦਰਬ ਇ ਰਿਕਾ (ਦਰਬੇਲਾ) ਤੋਂ ਰਵਾਨਾ ਹੋ ਗਏ।

ਰਸਤੇ 'ਚ ਗੱਲਾਂ ਬਾਤਾਂ ਹੋਈਆਂ। ਮਰਦਾਨਾ ਕਹਿਣ ਲੱਗਾ ਗੁਰੂ ਜੀ ਮੇਰੀ ਦੇਹ ਨੂੰ ਦੱਬਿਓ ਨਾਂ। ਮੈਂ ਚਾਹੁੰਨਾ ਇਹ ਤੁਰੰਤ ਪੰਜਾਂ ਤੱਤਾਂ ਵਿਚ ਮਿਲ ਜਾਏ। ਮੇਰੀਆਂ ਹੱਡੀਆਂ ਰੁਲਣ ਨਾਂ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਅਸੀ ਤੇਰੀ ਇਛਾ ਪੂਰੀ ਕਰਾਂਗੇ।

ਚਾਰ ਦਿਨ ਬਾਦ ਫਿਰ ਖੁਰਮਾਬਾਦ ਸ਼ਹਿਰ ਦੇ ਬਾਹਰ ਬਿਰਾਜੇ ਹੋਏ ਸਨ ਕਿ ਮਰਦਾਨੇ ਨੇ ਅਵਾਜ ਲਾ ਦਿੱਤੀ ਕਿ ਗੁਰੂ ਜੀ ਮੈਨੂੰ ਅਸੀਸ ਦਿਓ। ਸਰੀਰਕ ਵਿਛੋੜਾ ਪਾਉਣ ਲੱਗਾ ਹਾਂ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਗਲ ਨਾਲ ਲਾਇਆ। ਸ਼ਬਦ ਗਾਵਿਆ:

**ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ ॥ ੧॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥ ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥੨੦॥**

ਪਰ ਹੁਣ ਰਬਾਬ ਚੁੱਪ ਸੀ। ਮਰਦਾਨਾ ਜਾ ਚੁੱਕਾ ਸੀ।

ਗੁਰੂ ਸਾਹਿਬ ਤੇ ਸਾਥੀਆਂ ਨੇ ਖੁਰਮਾਬਾਦ ਦੇ ਪਹਾੜ ਪਾਸੇ ਖੁਰਮਾਬਾਦ ਦਰਿਆ ਦੇ ਕੰਢੇ, ਅਬਾਦੀ ਤੋਂ ਥੋੜੀ ਹੀ ਦੂਰ, ਭਾਈ ਮਰਦਾਨੇ ਦੀ ਪਵਿਤ੍ਰ ਦੇਹ ਦੀ ਆਖਰੀ ਰਸਮ ਕੀਤੀ ਭਾਵ ਉਨ੍ਹੰ ਸਾੜਿਆ ਗਿਆ। ਮਰਦਾਨਾ ਕਬਰਾਂ ਮੜੀਆਂ ਬਣਾਉਣ ਦੇ ਸਖਤ ਖਿਲਾਫ ਸੀ।

ਗੁਰੂ ਸਾਹਿਬ ਤੇ ਉਨਾਂ ਦੇ ਸਾਥੀ ਖੁਰਮਾਬਾਦ ਨਹੀ ਠਹਿਰੇ ਤੇ ਅੱਗੇ ਇਸਫਾਹਾਨ ਨੂੰ ਛੇਤੀ ਹੀ ਰਵਾਨਾ ਹੋ ਗਏ।

-----◆-----

## ਇਸਫਾਹਾਨ ਵਿਖੇ ਬਾਬਾ

ਇਸਫਾਹਾਨ ਨਿਸਫ ਜਹਾਨ ਅਸਤ

ਪੈੜ ਸਫਾ

3. ਖੁਰੱਮਸ਼ਹਿਰ- ਈਰਾਨ ਦੀ ਖਾੜੀ ( Persian Gulf) ਐਨ ਸਿਰੇ ਤੇ ਖੁਜੇਸਤਾਨ ਸੂਬੇ ਵਿਚ। ਇਰਾਕੀ ਸ਼ਹਿਰ ਬਸਰੇ ਦੇ ਨੇੜੇ ਹੀ ਭਾਵ 50 ਕਿ. ਮੀ ਈਰਾਨ ਇਰਾਕ ਸਰਹੱਦ ਤੇ।

4. ਖੁਰਮਾਬਾਦ- ਇਰਾਨ ਦੇ ਸੂਬੇ ਲੋਰੀਸਤਾਨ ਦਾ ਸ਼ਹਿਰ ਜਿਹੜਾ ਖੁਰੱਮ ਸ਼ਹਿਰ ਤੋਂ 560 ਕਿ. ਮੀ. ਪਹਾੜ ਪਾਸੇ ਹੈ।

**ਖੁਰੱਮਸ਼ਹਿਰ ਨਹੀ, ਖੁਰਮਾਬਾਦ**

ਕਿਉਕਿ ਮਰਦਾਨੇ ਦਾ ਚਲਾਣਾ ਬਗਦਾਦ ਤੋਂ ਵਾਪਸ ਮੁਲਤਾਨ ਵਲ ਪਰਤਦਿਆਂ ਹੋਇਆ ਹੈ। ਬਗਦਾਦ ਤੋਂ ਜੇ ਸਿੱਧੀ ਕੰਧਾਰ ਵਲ ਲੀਕ ਖਿਚੀਏ ਤਾਂ ਖੁਰਮਾਬਾਦ (ੳ) ਐਨ ਸਿੱਧੇ ਰਸਤੇ ਤੇ ਪੈਦਾ ਹੈ। (ਵੇਖੋ ਨਾਲ ਦਿੱਤਾ ਨਕਸ਼ਾ) ਜਦੋਂ ਕਿ ਖੁਰੱਮਸ਼ਹਿਰ (ਅ) ਹੇਠਾਂ ਸਮੁੰਦਰ ਕੰਢੇ ਸਿੱਧੀ ਰੇਖਾ ਤੋਂ 550 ਕਿ. ਮੀ ਹੇਠਾਂ ਪੈਂਦਾ ਹੈ। ਏਸੇ ਤਰਾਂ ਖੁਰਮਾਬਾਦ ਸ ਅਤੇ ੲ ਰਸਤੇ ਤੋਂ ਪਰੇ ਪੈ ਜਾਂਦੇ ਹਨ। ਨਾਲੇ ਬਾਲੇ ਨੇ ਜਿਹੜਾ ਦਰਬੇਲਾ ਨਾਂ ਦਿਤਾ ਹੈ ਉਹ ਖੁਰਮਾਬਾਦ (ੳ) ਦੇ ਰਸਤੇ ਵਿਚ ਪੈਦਾ ਹੈ।

ਫਿਰ ਪੁਰਾਤਨ ਗ੍ਰੰਥਾਂ ਮੁਤਾਬਿਕ ਬਗਦਾਦ ਵਾਲੇ ਪਾਸਿਓ ਭਾਰਤ ਨੂੰ ਆਉਣ ਦਾ ਰਸਤਾ ਇਹੋ ਭਾਵ ਖੁਜੇਸਤਾਨ ਥਾਂਣੀ ਸੀ।

ਪਰ ਇਸ ਵਿਚ ਇਕ ਮੁਸ਼ਕਲ ਆ ਸਕਦੀ ਹੈ। ਜਨਮ ਸਾਖੀ ਨੇ ਲਫਜ ਖੁਰਮਾ ਸ਼ਹਿਰ ਵਰਤਿਆ ਹੈ। ਇਕੱਲਾ ਖੁਰਮਾ ਜਾਂ ਖੁਰਮਾਬਾਦ ਨਹੀ।

ਇਥੇ ਕੋਈ ਕਹਿ ਸਕਦਾ ਹੈ ਕਿ ਮਰਦਾਨੇ ਦਾ ਚਲਾਣਾ ਖੁਰਮਾਬਾਦ ਨਹੀ ਖੁਰਮਾਸ਼ਹਿਰ ਹੋਇਆ ਹੋਵੇਗਾ। ਪਰ ਖੁਰਮਾਸ਼ਹਿਰ ਦਾ ਇਤਹਾਸ ਪੜ੍ਹਨ ਤੇ ਪਤਾ ਲਗਦਾ ਹੈ ਕਿ ਸ਼ਹਿਰ ਦਾ ਪੁਰਾਣਾ ਨਾਂ ਮੁਹੱਮਰਾ ਹੁੰਦਾ ਸੀ ਤੇ ਖੁਰਮਾਸ਼ਹਿਰ ਨਾਂ ਸਿਰਫ 1937 ਵਿਚ ਹੀ ਦਿੱਤਾ ਗਇਆ ਸੀ। ਓਦੋਂ ਹੀ ਇਸ ਸੂਬੇ ਦਾ ਨਾਂ ਅਰਬਸਤਾਨ ਤੋ ਬਦਲ ਕੇ ਖੁੱਜੇਸਤਾਨ ਰੱਖਿਆ ਗਇਆ ਸੀ।

ਨਾਲੇ ਦੂਸਰੇ ਪਾਸੇ ਖੁਰਮਾਬਾਦ ਸ਼ਹਿਰ ਦੇ ਤੌਰ ਤੇ 16ਵੀ ਸਦੀ ਵਿਚ ਮਸ਼ਹੂਰ ਸੀ। ਮੁਸ਼ਕਲ ਪਹਾੜੀ ਇਲਾਕਾ ਹੈ। ਪਰ ਬਗਦਾਦ ਤੋਂ ਇਸਫਾਹਨ ਭਾਵ ਕੰਧਾਰ ਵਲ ਇਹੋ ਰਾਹ ਹੀ ਪੈਦਾ ਹੈ। ਇਹ ਵੀ ਬਹੁਤ ਪੁਰਾਣਾ ਸ਼ਹਿਰ ਹੈ। ਇਥੋਂ ਫਲਕ ਓਲ ਅਫਲਾਕ ਕਿਲਾ ਭਾਵ ਸਵੱਰਗਾਂ ਦਾ ਸਵੱਰਗ ਪੂਰੀ ਦੁਨੀਆ ਵਿਚ ਮਸ਼ਹੂਰ ਹੈ।

ਬਾਕੀ ਜਿਹੜੀ ਖੁਰਮੇ ਖਾਣ ਦੀ ਗਲ ਹੈ, ਖੁਰਮੇ ਭਾਵ ਖਜੂਰਾਂ ਤਾਂ ਸਾਰੇ ਈਰਾਨ ਵਿਚ ਬਹੁਤ ਹੁੰਦੀਆਂ। ਦੁਨੀਆ ਵਿਚ ਸਭ ਤੋਂ ਵੱਧ ਖਜੂਰ ਈਰਾਨ ਵਿਚ ਹੀ ਪੈਦਾ ਹੁੰਦੀ ਹੈ।

ਸੋ ਬਾਲੇ ਤੋਂ ਖੁਰਮੇ ਦਾ ਮਤਲਬ ਖੁਰਮਾਬਾਦ ਹੈ ਖੁਰਮਾ ਸ਼ਹਿਰ ਨਹੀ। ਓਨਾਂ ਦਿਨਾਂ ਵਿਚ ਪ੍ਰਦੇਸੀ ਬੈਠਾ ਲਿਖਾਰੀ ਅਜਿਹੀ ਗਲ ਲਿਖ ਸਕਦਾ ਹੈ।

ਬਾਕੀ ਖੁਰਮੇ ਨੂੰ ਕੁਰੱਮ ਕਹਿਣਾ ਤਾਂ ਨਿਰਾ ਅਗਿਆਨਤਾ ਹੈ। ਨਾਂ ਇਥੇ ਕੁਰਮ ਨਾਂ ਦਾ ਕੋਈ ਵੱਡਾ ਸ਼ਹਿਰ ਸੀ।

ਬਾਕੀ ਜਿਹੜਾ ਬਾਲੇ ਨੇ ਦਰਬੇਲਾ ਇਲਾਕੇ ਦਾ ਨਾਂ ਲਿਖਿਆ ਹੈ ਉਹ ਅਸਲ ਵਿਚ ਪਹਾੜੀ ਇਲਾਕਾ ਤੰਗ ਦਰਬ ਇ ਰਿਕਾ ਹੈ(ਨਕਸ਼ਾ ਸੂਚਕ 33.41746, 47.67936)। ਜੋ ਖੁਰਮਾਬਾਦ ਤੋਂ ਪਹਾੜ ਪਾਸੇ 100 ਕਿ. ਮੀ ਹੈ। ਇਥੇ ਹੀ ਮਰਦਾਨੇ ਨੂੰ ਸਰੀਰਕ ਤਕਲੀਫ ਉਠੀ ਸੀ। ਕਿਉਕਿ ਮਰਦਾਨਾ ਖੂਬ ਪੈਦਲ ਚਲਦਾ ਸੀ ਇਸ ਕਰਕੇ ਹਾਰਟ ਅਟੈਕ ਹੋਣ ਦੇ ਮੌਕੇ ਘੱਟ ਬਣਦੇ ਹਨ। ਹੋ ਸਕਦਾ ਹਾਜ਼ਮੇ ਨਾਲ ਸਬੰਧਤ ਕੋਈ ਤਕਲੀਫ ਹੋਈ ਹੋਵੇ। ਫਿਰ ਖੁਰਮੇ ਖਾਣ ਦੀਆਂ ਵੀ ਗੱਲਾਂ ਹਨ। ਖਜੂਰਾਂ ਸਾਫ ਨਾਂ ਹੋਣ ਤਾਂ ਪੇਟ ਨੂੰ ਛੇਤੀ ਰੋਗੀ ਕਰ ਦਿੰਦੀਆਂ ਹਨ।

*ਕਿਉਕਿ ਇਲਾਕੇ ਵਿਚ ਅਬਾਦੀ ਹਾਲਾਂ ਸੰਙਣੀ ਤਾਂ ਨਹੀ ਪਰ ਸਾਨੂੰ ਨਹੀ ਉਮੀਦ ਕਿ ਮਰਦਾਨੇ ਦੀ ਮੜੀ ਦੇ ਨਿਸ਼ਾਨ ਅੱਜ ਤੱਕ ਬਚੇ ਹੋਣ। ਫਿਰ ਵੀ ਸਿੱਖਾਂ ਦਾ ਫਰਜ ਬਣਦਾ ਹੈ ਕਿ ਖੁਰਮਾਬਾਦ ਇਲਾਕੇ ਵਿਚ ਖੋਜ ਕਰਨ। (ਵੇਖੋ ਬਾਲਾ -252)

ਬਾਕੀ ਬਗਦਾਦ ਤੋਂ ਖੁਰਮਾਬਾਦ ਜਾਣਾ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਤਬਰੇਜ ਨਹੀ ਸਨ ਗਏ, ਜਿਵੇ ਕਿ ਕੁਝ ਲਿਖਾਰੀਆਂ ਲਿਖ ਮਾਰਿਆ ਹੈ।

ਕੁਝ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਤਹਿਰਾਨ ਜਾਣਾ ਵੀ ਲਿਖਿਆ "ਕਿਉਕਿ ਓਥੇ ਗੁਰਦੁਆਰਾ ਹੈ" ਧਿਆਨ ਰਹੇ ਤਹਿਰਾਨ ਵਾਲਾ ਗੁਰਦੁਆਰਾ ਸਿੱਖਾਂ ਨੇ 1941 ਵਿਚ ਬਣਾਇਆ ਸੀ। ਇਹ ਕੋਈ ਯਾਦਗਾਰੀ ਅਸਥਾਨ ਨਹੀ ਹੈ।

**ਮਰਦਾਨੇ ਦੀ ਓਲਾਦ** - ਮਰਦਾਨੇ ਦੇ ਦੋ ਪੁੱਤਰ ਸਨ; ਸ਼ਹਿਜਾਦਾ ਤੇ ਰਜ਼ਾਦਾ। ਰਜ਼ਾਦਾ ਕਰਤਾਰਪੁਰ ਵਸਿਆ ਜਦੋਂ ਕਿ ਸ਼ਹਿਜਾਦਾ ਗੁਰੂ ਅੰਗਦ ਪਾਤਸ਼ਾਹ ਦੇ ਚਰਨਾਂ ਵਿਚ ਰਿਹਾ। ਸ਼ਹਿਜਾਦੇ ਦੇ ਦੋ ਪੁੱਤਰ ਸਨ ਬਾਨੂੰ ਤੇ ਸਾਲੂ। ਇਹ ਦੋਵੇ ਭਰਾ ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਦੇ ਦਰਬਾਰਾਂ ਵਿਚ ਸੋਭਦੇ ਰਹੇ। ਇਨਾਂ ਵਿਚੋਂ ਇਕ ਦਾ ਪੁੱਤ ਬਲਵੰਡ ਹੋਇਆ ਹੈ ਤੇ ਅੱਗੋ ਬਲਵੰਡ ਦਾ ਪੁੱਤਰ ਸੱਤਾ ਸੀ। ਜਿੰਨਾਂ ਪਿਉ ਪੁੱਤਰਾਂ ਦੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਸ਼ੋਭਿਤ ਹੈ। ਇਸ ਤੋਂ ਅੱਗੇ ਇਨਾਂ ਦੀ ਓਲਾਦ ਦਾ ਇਤਹਾਸ ਵਿਚ ਜਿਕਰ ਨਹੀ ਮਿਲਦਾ। ਕਈ ਲਿਖਾਰੀਆਂ ਇਹ ਵੀ ਲਿਖਿਆ ਹੈ ਕਿ ਇਹ ਅੱਗੇ ਸਭ ਨਾ-ਵਲਦ ਹੋ ਗਏ। ਪਰ ਅਸੀ ਇਸ ਕਥਨ ਦੀ ਸਚਾਈ ਤਸਦੀਕ ਨਹੀ ਕਰ ਸਕੇ।

ਭਾਈ ਮਰਦਾਨੇ ਦੇ ਤਿੰਨੇ ਸਬਦ ਅੰਗ 553 ਸ. ਗ. ਗ. ਸ ਤੇ ਸ਼ਸ਼ੋਭਿਤ ਹਨ।

ਸ਼੍ਰੋਮਣੀ ਕਮੇਟੀ ਦੇ ਆਦੇਸ਼ ਅਨੁਸਾਰ ਭਾਈ ਮਰਦਾਨਾ ਦਾ ਅਕਾਲ ਚਲਾਣਾ 27 ਨਵੰਬਰ ਨੂੰ ਹੋਇਆ ਸੀ। ਪ੍ਰਧਾਨ ਕਿਰਪਾਲ ਸਿੰਘ ਬੰਡੂਗਰ ਦੇ ਹੁਕਮ ਅਨੁਸਾਰ ਹਰ ਸਾਲ ਇਹ ਦਿਹਾੜਾ ਮਨਾਇਆ ਜਾਇਆ ਕਰੇਗਾ। ਜਿਸਦਾ ਮਤਲਬ ਹੋਇਆ 27 ਨਵੰਬਰ 1531 (ਸਰੋਤ -http://sgpc.net)

ਸਾਈਕਲ ਯਾਤਰੀ- 414 ਅਨੁਸਾਰ ਮਰਦਾਨੇ ਦੀ ਰਬਾਬ ਪੇਸ਼ਾਵਰ ਸ਼ਹਿਰ ਵਿਖੇ ਸੰਨ 1932 ਈ. ਤੱਕ ਭਾਈ ਸਾਧੂ ਸਿੰਘ ਹਕੀਮ ਮੁਹੱਲਾ ਕੱਕੜਾਂ ਪਾਸ ਮੌਜੂਦ ਸੀ। ਬਾਦ ਵਿਚ ਰਬਾਬ ਕਿਥੇ ਪਹੁੰਚੀ ਕੋਈ ਪਤਾ ਨਹੀ। ਇਹ ਤਾਂ ਪਸ਼ੌਰ ਦੀ ਸੰਗਤ ਹੀ ਜਾਣਦੀ ਹੋਵੇਗੀ। ਇਹ ਵੀ ਜਰੂਰੀ ਨਹੀ ਕਿ ਇਹ ਰਬਾਬ ਉਹ ਸੀ ਜਿਹੜੀ ਆਖਰੀ ਸਮੇਂ ਭਾਈ ਸਾਹਿਬ ਕੋਲ ਸੀ। ਹੋ ਸਕਦਾ 1520 ਈ. ਵਿਚ ਜਦੋਂ ਸਾਹਿਬ ਇਥੇ ਆਏ ਹੋਣ ਤਾਂ ਪੁਰਾਣੀ ਰਬਾਬ ਇਥੇ ਦੇ ਕੇ ਨਵੀ ਲੈ ਲਈ ਹੋਵੇ। ਉਂਜ ਵੀ ਵਧੀਆ ਰਬਾਬ ਅਫਗਾਨਿਸਤਾਨ ਦੇ ਇਲਾਕੇ ਵਿਚ ਹੀ ਬਣਦੀ ਸੀ।

ਖੁਰਮਾਬਾਦ ਤੋਂ 340 ਕਿ. ਮੀ ਦਾ ਪੈਂਡਾ ਕਰਕੇ ਬਾਬਾ ਜੀ, ਕਾਜੀ ਰੁਕਨੁਦੀਨ ਤੇ ਪੀਰ ਗੌਸ ਸ਼ਹਿਰ ਇਸਫਾਹਾਨ ਪਹੁੰਚੇ।

ਜਿਵੇ ਬਗਦਾਦ ਉਨੀ ਦਿਨੀ ਦੁਨੀਆ ਦਾ ਬੈਤੁਲ ਹਿਕਮਾ ਭਾਵ ਵਿਦਵਤਾ ਦਾ ਕੇਂਦਰ ਸੀ, ਇਸਫਾਹਾਨ ਸ਼ਹਿਰ ਬਾਬਤ ਫਾਰਸੀ ਅਖਾਣ ਸੀ ਕਿ "ਇਸਫਾਹਾਨ ਨਿਸਫ ਜਹਾਨ ਅਸਤ"⊙ ਮਤਲਬ 'ਇਸਫਾਹਾਨ ਭਾਵ ਅੱਧੀ ਦੁਨੀਆ' ਕਿਉਕਿ ਅਬਾਦੀ ਪੱਖੋ ਇਹ ਦੁਨੀਆ ਦਾ ਸਭ ਤੋਂ ਵੱਡਾ ਸ਼ਹਿਰ ਸੀ। ਇਸਫਾਹਾਨ ਏਸ਼ੀਆ ਦਾ ਵੱਡਾ ਵਪਾਰਕ ਕੇਂਦਰ ਵੀ ਸੀ ਕਿਉਕਿ ਇਥੇ ਉਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਜਾਂਦੇ ਸਿਲਕ ਰੂਟ ਮਿਲਦੇ ਸਨ।

ਸੰਨ 1524 ਵਿਚ ਜਦੋਂ ਇਥੇ ਪੁਰਤਗਾਲੀ ਯਾਤਰੀ ਤਨਰੀਰੋ ਆਇਆ ਤਾਂ ਉਹ ਲਿਖਦਾ ਹੈ ਕਿ ਇਸ ਮਹਾਨ ਸ਼ਹਿਰ ਵਿਚ ਅੱਜ ਚੁਫੇਰੇ ਭੂਤਾਂ ਪ੍ਰੇਤਾਂ ਦਾ ਡਰ ਦੁਨੀਆਵੀ ਨੂੰ ਖਾ ਰਿਹਾ ਹੈ। ਕਿਉਕਿ ਸੰਨ 1503 ਵਿਚ ਜਦੋਂ ਸਾਫੀ ਹੁਕਮਰਾਨ ਇਸਮਾਈਲ ਨੇ ਸ਼ਹਿਰ ਤੇ ਕਬਜ਼ਾ ਕੀਤਾ ਤਾਂ 5000 ਬੇਦੋਸ਼ੇ ਸੁੰਨੀਆਂ ਦਾ ਖੂਨ ਗਲੀਆਂ ਨਾਲੀਆਂ ਵਿਚ ਵਹਾਇਆ ਸੀ। ਇਸਮਾਇਲ ਦਾ ਕਹਿਣਾ ਸੀ ਕਿ ਇਹ ਕਾਰੂ ਬਾਦਸ਼ਾਹ ਨੇ ਜੋ ਸ਼ੀਆ ਲੋਕਾਂ ਦਾ ਕਤਲਾਮ ਕੀਤਾ ਸੀ ਇਹ ਉਸ ਦਾ ਬਦਲਾ ਹੈ। ਇਸਮਾਇਲ ਨੇ ਫਿਰ ਇਥੋਂ ਦਾ ਦਰੋਗਾ (ਸੂਬੇਦਾਰ ਜਾਂ ਮੇਅਰ) ਦਰਮੇਸ਼ ਖਾਨ ਸ਼ਮਲੂ ਨੂੰ ਨਿਯੁਕਤ ਕਰ ਦਿੱਤਾ। ਦਰਮੇਸ਼ ਦੀ ਮੌਤ ਬਾਦ ਜਦੋਂ ਕੋਗਾ ਸੁਲਤਾਨ ਤਕਲੂ ਨੂੰ ਦਰੋਗਾ ਬਣਾਇਆ ਗਇਆ ਤਾਂ ਦਰਮੇਸ਼ ਦੇ ਪੁੱਤ ਹੁਸੈਨ ਖਾਨ ਸ਼ਮਲੂ ਨੇ 937 ਹਿਜਰੀ ਭਾਵ 1530 ਈ ਵਿਚ ਕੋਗਾ ਸੁਲਤਾਨ ਵਿਰੁਧ ਬਗਾਵਤ ਕਰ ਦਿੱਤੀ। ਇਹ ਦੋਵੇ ਕਿਜਲਬਾਸ਼ ਕਬੀਲੇ ਦੇ ਲੋਕ ਸਨ ਜਿਸ ਵਿਚੋਂ ਵਕਤ ਦਾ ਹੁਕਮਰਾਨ ਤਾਹਮਸਾਪ ਸੀ। ਜਦੋਂ ਗੁਰੂ ਸਾਹਿਬ ਇਸਫਾਹਾਨ ਪਹੁੰਚੇ ਤਾਂ ਇਹ ਖੂਨੀ ਘਰੇਲੂ ਝਗੜਾ ਸਿਖਰ ਤੇ ਸੀ। ਫਿਰ ਵੀ ਗੁਰੂ ਸਾਹਿਬ ਮੁਹੰਮਦ ਖਾਂ ਸ਼ਰਫ ਅਲਦੀਨ ਦੀ ਵਾਕਫੀਅਤ ਰਾਂਹੀ ਕੋਗਾ ਸੁਲਤਾਨ ਨੂੰ ਮਿਲੇ।** ਸ਼ਾਹ ਸਰਫ ਦਾ ਨਾਂ ਸੁਣ ਕੇ ਕੋਗਾ ਬਹੁਤ ਖੁਸ਼ ਹੋਇਆ ਤੇ ਗੁਰੂ ਸਾਹਿਬ ਨੂੰ ਖੂਬ ਆਦਰ ਸਤਿਕਾਰ ਦਿੱਤਾ। ਉਂਜ ਕੋਗਾ ਤੇ ਦਰਮੇਸ਼ ਦੋਵੇ ਹੀ ਸ਼ਾਹ ਸ਼ਰਫ ਦੇ ਕਬੀਲੇ ਦੇ ਸਨ।

ਕਿਉਕਿ ਇਸਫਾਹਾਨ ਵਿਖੇ ਮਹੌਲ ਖੂਨੀ ਬਣਿਆ ਹੋਇਆ ਸੀ ਗੁਰੂ ਸਾਹਿਬ ਨੇ ਰੂਹਾਨੀਅਤ ਦੀ ਗਲ ਕਰਨਾਂ ਇਥੇ ਜਾਇਜ ਨਾਂ ਸਮਝਿਆ ਤੇ ਅਗਾਂਹ ਕੰਧਾਰ ਨੂੰ ਕੂਚ ਕਰ ਗਏ।

-----◆-----

## ਕੰਧਾਰ ਪਹੁੰਚ, ਬਾਬੇ ਨੇ ਆਪਣੇ ਪੁਰਾਣੇ ਯਾਰ ਵਲੀ ਕੰਧਾਰੀ ਬਾਬਤ ਪੁੱਛ ਪੜਤਾਲ ਕੀਤੀ■

ਇਸਫਾਹਾਨ ਤੋਂ ਜਫਰਾਬਾਦ, ਖੁਰ, ਫਰੋਖੀ, ਬੀਰਜੰਡ ਰਸਤੇ ਕੋਈ 1600 ਕਿ. ਮੀ. ਲੰਮਾ ਪੈਂਡਾ ਕਰਦੇ ਹੋਏ ਗੁਰੂ ਸਾਹਿਬ ਕੰਧਾਹਰ ਪੋਹ ਮਾਘ ਦੇ ਦਿਨਾਂ ਵਿਚ ਪਹੁੰਚੇ। ਕੰਧਾਰ ਅੱਜ ਅਫਗਾਨਿਸਤਾਨ ਵਿਚ ਹੈ ਤੇ ਕਈ ਵਾਰੀ ਦੇਸ ਦੀ ਰਾਜਧਾਨੀ ਰਹਿ ਚੁੱਕਾ ਹੈ। ਇਸ ਸ਼ਹਿਰ ਦਾ ਮੌਸਮ ਵੀ ਕੁਝ ਅੰਮ੍ਰਿਤਸਰ ਜਿਹਾ ਹੈ ਜਿੱਥੇ ਗਰਮੀ ਵੀ ਅੱਤ ਦੀ ਤੇ ਸਰਦੀ ਵੀ ਕੜਾਕੇ ਦੀ। ਫਿਰ ਵੀ ਇਥੋਂ ਦਾ ਅਨਾਰ ਫਲ ਸਾਰੀ ਦੁਨੀਆਂ ਵਿਚ ਮਸ਼ਹੂਰ ਹੈ। ਬਦਕਿਸਮਤੀ ਨਾਲ ਅੱਜ ਦੁਨੀਆਂ ਦੇ ਬਦਨਾਮ ਨਸ਼ੇ ਵੀ ਇਥੇ ਹੀ ਪੈਦਾ ਹੁੰਦੇ ਜਾਂ ਬਣਾਏ ਜਾਂਦੇ ਹਨ।

ਗੁਰੂ ਸਾਹਿਬ ਹੁਰੀ ਜਦੋਂ ਕੰਧਾਰ ਪਹੁੰਚੇ ਤਾਂ ਉਨਾਂ ਕਿਸੇ ਪੰਜਾਬੀ ਬੰਦੇ ਨੂੰ ਮਿਲਣਾ ਚਾਹਿਆ। ਪੁੱਛ ਪੜਤਾਲ ਕਰਨ ਉਪਰੰਤ ਉਹ ਇਕ ਖੱਤਰੀ ਪ੍ਰਵਾਰ ਦੇ ਟਿਕਾਣੇ ਤੇ ਪਹੁੰਚ ਗਏ। ਘਰ ਦਾ ਮੋਹਤਬਰ ਉਸ ਵੇਲੇ ਨਹਾਉਣ ਹੀ ਲੱਗਾ ਸੀ। ਕੀ ਵੇਖਦੇ ਹਨ ਕਿ ਨੌਕਰ ਵੱਡੀ ਸਾਰੀ ਬਰਫ ਦੀ ਸਿਲ ਚੁੱਕ ਲਿਆਇਆ। ਸਿੱਲ ਨੂੰ ਗਰਮ ਕਰਕੇ ਪਾਣੀ ਬਣਾਇਆ ਗਇਆ ਜਿਸ ਨਾਲ ਫਿਰ ਖਤਰੇਟੇ ਪੁੱਤਰ ਦੀਨ ਦਿਆਲ ਨੇ ਇਸਨਾਨ ਕੀਤਾ।

ਉਪਰੰਤ ਖੱਤਰੀ ਨੇ ਫਕੀਰਾਂ ਨੂੰ ਅੰਨ ਪਾਣੀ ਛਕਾਇਆ ਤੇ ਪੁਰਾਣੀਆਂ ਵਾਕਫੀਆਂ ਕੱਢੀਆਂ। ਲਗਦਾ ਉਹ ਵੀ ਲਹੌਰ ਇਲਾਕੇ ਤੋਂ ਉਠ ਕੇ ਗਇਆ ਹੋਇਆ ਸੀ। ਉਸ ਭਾਈ ਨੂੰ ਚਾਅ ਚੜ੍ਹ ਗਇਆ ਜਦੋਂ ਉਸ ਨੂੰ ਪਤਾ ਲੱਗਾ ਕਿ ਦੂਸਰੇ ਪਾਸੇ ਫਕੀਰ ਵੀ ਖੱਤਰੀ ਜਾਤ ਤੋਂ ਹੀ ਹੈ। ਇਸ ਗਲ ਦਾ ਪਤਾ ਲਗਣ ਤੇ ਕੰਧਾਰ ਦੇ ਪੰਜਾਬੀ ਸਮਾਜ ਵਿਚ ਸਨਸਨੀ ਫੈਲ ਗਈ ਜਦੋਂ ਉਨਾਂ ਨੂੰ ਪਤਾ ਲੱਗਾ ਕਿ ਖੁੱਦ ਗੁਰੂ ਨਾਨਕ ਕੰਧਾਰ ਵਿਚ ਪਧਾਰੇ ਹੋਏ ਨੇ। ਯਾਦ ਰਹੇ ਕੰਧਾਰ ਵਿਚ ਪੰਜਾਬੀ ਅਤੇ ਸਿੰਧੀਆਂ ਦੇ ਸੈਕੜੇ ਵਪਾਰੀ ਪ੍ਰਵਾਰ ਹੁਣ ਤੱਕ ਮੌਜੂਦ ਸਨ।

ਜਦੋਂ ਗੁਰੂ ਸਾਹਿਬ ਕੰਧਾਰ ਵਿਚ ਸਤਿਨਾਮ ਨਿਰੰਕਾਰ ਦਾ ਪ੍ਰਚਾਰ ਕਰ ਰਹੇ ਸਨ ਤਾਂ ਉਦੋਂ ਹੀ ਗੁਰੂ ਸਾਹਿਬ ਨੇ ਆਪਣੇ ਪੁਰਾਣੇ ਵਲੀ (ਫਾਰਸੀ: ਯਾਰ) ਬਾਰੇ ਪੁੱਛ ਪੜਤਾਲ ਕੀਤੀ। ਭਾਵ ਪੰਜਾ ਸਾਹਿਬ ਹਸਨ ਅਬਦਾਲ ਵਾਲਾ ਵਲੀ ਕੰਧਾਰੀ। ਪਰ ਕਿਸੇ ਕੰਧਾਰੀ ਨੂੰ ਉਸ ਸੂਫੀ ਫਕੀਰ ਬਾਰੇ ਕੋਈ ਗਿਆਨ ਨਹੀ ਸੀ। ਪੁੱਛ ਪੜਤਾਲ ਕਰਨ ਤੇ ਇਕ ਹੋਰ ਸੂਫੀ ਫਕੀਰ ਦਾ ਪਤਾ ਲੱਗਾ ਜੋ ਹੋ ਸਕਦਾ ਵਲੀ ਕੰਧਾਰੀ ਨੂੰ ਜਾਣਦਾ ਹੋਵੇ। ਕਿਉਕਿ ਬਾਲੇ ਨੇ ਜਿਵੇ ਉਸ ਫਕੀਰ ਦਾ ਨਾਂ ਸੁਣਿਆ ਸੀ ਉਹ ਤਾਂ ਭੁਲ ਗਇਆ ਪਰ ਲਿਖਤ ਵਿਚ ਉਹਦਾ ਨਾਂ ਯਾਰ ਅਲੀ ਕਰਕੇ ਲਿਖ ਦਿੱਤਾ। ਕਿਉਕਿ ਗੁਰੂ ਸਾਹਿਬ ਵਲੀ ਕੰਧਾਰੀ ਨੂੰ ਲੱਭ ਰਹੇ ਸਨ। (ਫਾਰਸੀ ਵਿਚ ਵਲੀ ਮਾਇਨੇ ਯਾਰ ਹੁੰਦਾ ਹੈ।)

ਖੈਰ ਜਦੋਂ ਗੁਰੂ ਸਾਹਿਬ ਆਪ ਜਾ ਕੇ ਯਾਰ ਅਲੀ ਨੂੰ ਮਿਲੇ ਤਾਂ ਯਾਰ ਅਲੀ ਫੂਕ ਖਾ ਗਇਆ ਤੇ ਗੁਰੂ ਸਾਹਿਬ ਦੇ ਸਵਾਲ ਦਾ ਜਵਾਬ ਦੇਣ ਦੇ ਬਿਜਾਏ ਉਲਟਾ ਗੁਰੂ ਸਾਹਿਬ ਬਾਰੇ ਪੁੱਛ ਪੜਤਾਲ ਸ਼ੁਰੂ ਕਰ ਦਿੱਤੀ ਜਦੋਂ ਉਨੂੰ ਪਤਾ ਲੱਗਾ ਕਿ ਗੁਰੂ

ਪੈੜ ਸਰੋਤ

⊙ https://en.unesco.org/silkroad/content/isfahan

ਇਸਫਾਹਾਨ ਦਾ ਘਰੇਲੂ ਕਲੇਸ਼:--

http://www.iranicaonline.org/articles/isfahan-vii-safavid-period

ਪੰਜਾਬ ਵਿਚ ਜਿਹੜੇ ਸਾਹਨੀ ਗੋਤ ਦੇ ਖਤਰੀ ਨੇ ਇਹ ਮੂਲ ਵਿਚ ਇਸਫਾਹਾਨ ਤੋਂ ਆਏ ਹੋਏ ਨੇ। (ਇਸਫਾਹਾਨੀ=ਸਾਹਨੀ)

■ ਬਾਲਾ -266 ਨੂੰ ਇਥੇ ਟਪਲਾ ਲੱਗਾ ਹੈ ਤੇ ਉਸਨੇ ਗੁਰੂ ਸਾਹਿਬ ਦਾ ਮੇਲ ਵਲੀ ਕੰਧਾਰੀ ਦੇ ਨਾਲ ਨਾਲ ਸ਼ਾਹ ਸਰਫ ਨਾਲ ਕੰਧਾਰ ਹੋਣਾ ਵਖਾ ਦਿੱਤਾ ਹੈ। ਵਲੀ ਕੰਧਾਰੀ ਤਾਂ ਉਦੋਂ ਤਕ ਗੁਜਰ ਚੁੱਕਾ ਸੀ ਤੇ ਸ਼ਾਹ ਸਰਫ ਬਗਦਾਦ ਵਿਚ ਸੀ। ਇਹ ਗਲ ਫਿਰ ਸਾਬਤ ਕਰਦੀ ਹੈ ਕਿ ਬਾਲਾ ਸੁਣੀਆਂ ਸੁਣਾਈਆਂ ਗੱਲਾਂ ਹੀ ਲਿਖਦਾ ਹੈ। ਉਹ ਮੌਕੇ ਦਾ ਗਵਾਹ ਨਹੀ ਹੈ।

ਵਲੀ ਕੰਧਾਰੀ ਦਾ ਨਿਧਨ 1529 ਈ ਦਾ ਦੱਸੀਦਾ ਹੈ।

■ ਬਾਬਾ ਸ੍ਰੀ ਚੰਦ ਦਾ ਕੰਧਾਰ ਵਿਖੇ ਜਾਣਾ ਵੀ ਗੁਰੂ ਸਾਹਿਬ ਦੀ ਕੰਧਾਰ ਫੇਰੀ ਤਸਦੀਕ ਕਰਦਾ ਹੈ। ਵੇਖੋ ਜਨਮਸਾਖੀ ਸ੍ਰੀ ਚੰਦਰ ਜੀ ਮਹਾਰਾਜ- ਧੰਨਾ ਸਿੰਘ ਰੰਗੀਲਾ -112

ਸਾਹਿਬ ਮੁਸਲਮਾਨ ਨਹੀ ਹਨ। ਗੁਰੂ ਸਾਹਿਬ ਤਾਂ ਹਸਨ ਅਬਦਾਲ ਵਾਲੇ ਪੀਰ ਵਲੀ ਕੰਧਾਰੀ ਬਾਰੇ ਪੁੱਛਣਾ ਚਾਹੁੰਦੇ ਸਨ।

ਯਾਰ ਅਲੀ ਦੇ ਸਵਾਲ ਮੁੱਖ ਤੌਰ ਤੇ ਕੁਝ ਅਜਿਹੇ ਸਨ ਕਿ ਤੇਰਾ ਪੀਰ ਕੌਣ ਹੈ? ਗੁਰੂ ਸਾਹਿਬ ਦੇ ਜਦੋਂ ਯਾਰ ਅਲੀ ਨੇ ਜਵਾਬ ਸੁਣੇ ਤਾਂ ਸੁਣਦਿਆਂ ਹੀ ਅੱਖਾਂ ਖੁੱਲ ਗਈਆਂ ਤੇ ਪੈਰਾਂ ਤੇ ਢਹਿ ਪਿਆ। ਉਸ ਨੇ ਤਾਂ ਸੋਚਿਆਂ ਸੀ ਕਾਫਰ ਨੂੰ ਇਸਲਾਮ ਦੇ ਦਾਇਰੇ ਵਿਚ ਲਿਆਉਣ ਦਾ।

ਉਥੇ ਹੀ ਫਿਰ ਗੁਰੂ ਸਾਹਿਬ ਨੂੰ ਯਾਰ ਅਲੀ ਨੇ ਦੱਸਿਆ ਕਿ ਕਿਵੇ ਵਲੀ ਕੰਧਾਰੀ ਓਸੇ ਦਾ ਹੀ ਮੁਰਸ਼ਦ ਸੀ। ਤੇ ਪੀਰ ਪਿੱਛਲੇ ਸਾਲ ਹੀ ਅੱਲਾ ਨੂੰ ਪਿਆਰਾ ਹੋ ਗਇਆ ਹੈ। ਯਾਰ ਅਲੀ ਨੇ ਗੁਰੂ ਸਾਹਿਬ ਨੂੰ ਵਲੀ ਕੰਧਾਰੀ ਦੀ ਮਜਾਰ ਤੇ ਪਹੁੰਚਣ ਵਾਸਤੇ ਵੀ ਬੇਨਤੀ ਕੀਤੀ ਪਰ ਸਾਹਿਬ ਨੇ ਓਥੇ ਜਾਣ ਤੋਂ ਨਾਹ ਕਰ ਦਿੱਤੀ ਕਿਉਕਿ ਉਹ ਥਾਂ ਕੰਧਾਰ ਤੋਂ ਕੋਈ 40 -45 ਕਿ. ਮੀ ਹਟਵੀ ਸੀ।

ਕੰਧਾਰ ਵਿਖੇ ਗੁਰੂ ਸਾਹਿਬ ਸਿਰਫ ਤਿੰਨ ਚਾਰ ਦਿਨ ਹੀ ਰਹਿ ਕੇ ਮੁਲਤਾਨ ਵਲ ਨੂੰ ਚਾਲੇ ਪਾ ਗਏ। ■

-----◈-----

## ਕੁਇਟਾ - ਕਲਾਤ ਵਿਖੇ ਸਤਿਨਾਮ ਦਾ ਉਪਦੇਸ਼ ਦੇ ਸਾਹਿਬ ਮੁਲਤਾਨ ਨੂੰ ਚਲਦੇ ਰਹੇ।

ਕੰਧਾਰ ਤੋਂ 235 ਕਿ. ਮੀ. ਦਾ ਸਫਰ ਕਰਕੇ ਗੁਰੂ ਸਾਹਿਬ ਆਪਣੇ ਸਾਥੀਆਂ ਸਮੇਤ ਕੋਇਟਾ (ਬਲੋਚਿਸਤਾਨ) ਪਹੁੰਚੇ। • ਪੰਜਾਬੀ ਵਪਾਰੀਆਂ ਨੇ ਗੁਰੂ ਸਾਹਿਬ ਨੂੰ ਹੱਥਾਂ ਤੇ ਚੁੱਕ ਲਿਆ। ਸਾਹਿਬ ਉਦਾਸੀ ਸਾਧੂਆਂ ਦੇ ਡੇਰੇ ਤੇ ਹੀ ਸ਼ੁਰੂ ਵਿਚ ਰੁਕੇ। ਲੰਗਰ ਦਾ ਸਿਧਾਂਤ ਪ੍ਰਪੱਕ ਕਰਾਉਣ ਲਈ ਤਿਲਰੀਂਜੀ ਵਾਲਾ ਕੌਤਕ ਇਥੇ ਵੀ ਕੀਤਾ ਸੀ।(ਵੇਖੋ ਪੈਂੜ ਸਫਾ-234) ਲਗਦਾ ਹੈ ਡੇਰੇ ਦੇ ਸਾਰੇ ਹੀ ਸਾਧੂ ਗੁਰੂ ਵਾਲੇ ਬਣ ਗਏ ਤੇ ਓਪਰੰਤ ਡੇਰਾ ਗੁਰਦੁਆਰੇ ਵਿਚ ਬਦਲ ਗਿਆ। ਜਿੱਥੇ ਗੁਰੂ ਸਾਹਿਬ ਨੇ ਚਰਨ ਪਾਏ ਉਹ ਅਸਥਾਨ ਤੇ ਅੱਜ ਕਲ ਸਰਕਾਰੀ ਸੰਡੇਮਾਨ ਸਕੂਲ ਚਲ ਰਿਹਾ ਹੈ।

ਕੁਝ ਦਿਨ ਇਥੇ ਸਤਿਨਾਮ ਨਿਰੰਕਾਰ ਦਾ ਪ੍ਰਚਾਰ ਕਰਨ ਉਪਰੰਤ ਗੁਰੂ ਸਾਹਿਬ ਨੇ ਇਲਾਕੇ ਦੇ ਹਾਕਮ ਨੂੰ ਮਿਲਣਾ ਚਾਹਿਆ ਤਾਂ ਪਤਾ ਲੱਗਾ ਕਿ ਰਾਜਾ ਜਗਰ ਖਾਂ ਮੀਰਵਾਨੀ ਕਦੀ ਕਦਾਈ ਹੀ ਕੋਇਟਾ ਫੇਰਾ ਮਾਰਦਾ ਹੈ।

ਗੁਰੂ ਸਾਹਿਬ ਫਿਰ ਆਪਣੇ ਮੁਸਲਮਾਨ ਸਾਥੀਆਂ ਸਮੇਤ ਮਸਤੰਗ ਥਾਂਣੀ ਹੁੰਦੇ ਹੋਏ ਕਲਾਤ ਪਹੁੰਚੇ। ਕਲਾਤ ਪਹੁੰਚ ਇਕ ਮਸੀਤ ਦੇ ਲਾਗੇ ਟਿਕਾਣਾ ਕੀਤਾ। ਪੰਜਾਬੀ ਮੌਲਾਣੇ ਨਾਲ ਗਲ ਬਾਤ ਹੋਈ ਤਾਂ ਉਸ ਸ਼ਕਾਇਤ ਕੀਤੀ ਕਿ ਇਥੇ ਲੋਕ ਜਾਂਗਲੀ ਜਿਹੇ ਨੇ ਜਿੰਨਾਂ ਨੂੰ ਵਾਹਿਦ ਖੁਦਾ ਦੀ ਹੋਂਦ ਬਾਰੇ ਕੋਈ ਸਮਝ ਨਹੀ। ਲੋਕਾਂ ਦੀਆਂ ਅਜੀਬ ਜਿਹੀਆਂ ਮਜ਼੍ਹਬੀ ਕਦਰਾਂ ਤੇ ਮਾਨਤਾਵਾਂ ਨੇ। ਰਾਜਾ ਵੀ ਪਰਜਾ ਵਰਗਾ ਹੀ ਹੈ। ਕਦੀ ਕਦਾਈ ਨਮਾਜ ਪੜ੍ਹ ਲੈਂਦਾ ਹੈ।

ਓਥੇ ਗੁਰੂ ਸਾਹਿਬ ਨੇ ਫਿਰ ਸ਼ਬਦ ਪੜਿਆ:-

ਮਃ ੧ ॥ ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥ ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥ ਅੰਧੀ ਫੂਕਿ ਮੁਈ ਦੇਵਾਨੀ ॥... (ਪੂਰਾ ਸ਼ਬਦ ਪੰਨਾ .. ਤੇ ਵੇਖੋ)

ਫਿਰ ਰਾਜੇ ਨੂੰ ਮਿਲ ਉਪਦੇਸ਼ ਕੀਤਾ। ਅੱਜ ਵੀ ਕਲਾਤ ਵਿਚ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਮੌਜੂਦ ਹੈ। ਪਤਾ ਲਗਦਾ ਹੈ ਕਿ ਅੱਜ ਵੀ ਬਲੋਚ ਰਾਜਾ ਗੁਰੂ ਸਾਹਿਬ ਬਾਬਤ ਸ਼ਰਧਾ ਰੱਖਦਾ ਹੈ।

-----◈-----

## ਸਖੀ ਸਰਵਰ ਦੇ ਮੁਕਾਮ ਤੇ

ਕਲਾਤ ਤੋਂ ਡਾਂਡੇ ਮੀਂਢੇ ਕਠਿਨ ਪਹਾੜੀ ਰਸਤੇ 400 ਕਿ. ਮੀ. ਦਾ ਸਫਰ ਕਰਕੇ ਸਾਹਿਬ ਸਖੀ ਸਰਵਰ ਪਹੁੰਚੇ। ਸਖੀ ਸਰਵਰ ਪਾਕਿਸਤਾਨੀ ਪੰਜਾਬ ਦੇ ਜਿਲਾ ਡੇਰਾ ਗਾਜ਼ੀ ਖਾਨ ਵਿਚ ਸੁਲੇਮਾਨ ਪਹਾੜੀਆਂ ਦੀ ਘਾਟੀ ਵਿਚ ਮੌਜੂਦ ਹੈ। ਸਖੀ ਸਰਵਰ ਸਾਂਝੇ ਪੰਜਾਬ ਦੇ ਵੱਡੇ ਪੰਥਾਂ ਵਿਚੋਂ ਹੈ। ਇਸ ਦੇ ਮੰਨਣ ਵਾਲੇ ਮੁਸਲਮਾਨ, ਸਿੱਖ ਤੇ ਹਿੰਦੂ ਤਿੰਨੇ ਤਬਕਿਆਂ ਵਿਚੋਂ ਹੀ ਹਨ। ਇਨ੍ਹੰ ਨਿਰਾ ਪੰਜਾਬੀ ਲੋਕ ਹੀ ਨਹੀ ਮੰਨਦੇ ਇਹ ਸਿੰਧੀ, ਬਲੋਚੀ ਤੇ ਕੁਝ ਹੱਦ ਤੱਕ ਰਾਜਸਥਾਨੀ ਲੋਕਾਂ ਵਿਚ ਵੀ ਮੰਨਿਆ ਜਾਂਦਾ ਹੈ। ਆਪਣੇ ਸੰਗ ਵਿਚ ਇਹ ਲੋਕ ਗਾਉਂਦੇ ਵਜਾਉਦੇ ਢੋਲ ਨਾਲ ਨੱਚਦੇ ਸਖੀ ਸਰਵਰ ਦੇ ਸਥਾਨ ਤੇ ਪਹੁੰਚਦੇ ਹਨ। ਇਥੇ ਅਪ੍ਰੈਲ ਦੇ ਮਹੀਨੇ ਮੇਲਾ ਲਗਦਾ ਹੈ। ਪਿੱਛੇ 4 ਅਪਰੈਲ 2011 ਨੂੰ ਇਥੇ ਕੱਟੜਵਾਦੀ ਮੁਸਲਮਾਨਾਂ ਨੇ ਬੰਬ ਨਾਲ ਕੋਈ 40-45 ਸ਼ਰਧਾਲੂ ਮਾਰ ਦਿੱਤੇ ਸਨ।



ਸਖੀ ਸਰਵਾਰ, ਡੇਰਾ ਗਾਜੀ ਖਾਨ

ਸਖੀ ਸਰਵਰ ਜਾਂ ਸਯਦ ਅਹਿਮਦ ਸੁਲਤਾਨ 12ਵੀ ਸਦੀ ਦਾ ਸੂਫੀ ਪੀਰ ਹੋਇਆ ਹੈ। ਇਸ ਨੂੰ ਪੀਰ ਲਾਲਾ ਵਾਲਾ, ਪੀਰ ਨਿਗਾਹਾ, ਲੱਖ ਦਾਤਾ, ਪੀਰ ਰੋਹੀਆਂਵਾਲਾ ਜਾਂ ਸਖੀ ਸੁਲਤਾਨ ਦੇ ਨਾਂ ਨਾਲ ਸ਼ਰਧਾਲੂ ਯਾਦ ਕਰਦੇ ਹਨ। ਪੀਰ ਦਾ ਪਿਤਾ ਪ੍ਰਵਾਰ ਸਮੇਤ 1126 ਈ. ਵਿਚ ਬਗਦਾਦ ਤੋਂ ਚਲ ਕੇ ਇਥੇ ਸ਼ਾਹਕੋਟ ਨੇੜੇ ਮੁਲਤਾਨ ਆ ਵੱਸਿਆ ਸੀ। ਸੁਲਤਾਨ ਨੂੰ ਮੰਨਣ ਵਾਲੇ ਸਰਵਰੀਏ ਜਾਂ ਸੁਲਤਾਨੀਏ ਕਹਾਉਦੇ ਹਨ। ਸਖੀ ਸਰਵਰ ਤੇ ਮੁਕਾਮ ਤੇ ਹੀ ਸੁਲਤਾਨ ਦਾ ਇੰਤਕਾਲ ਹੋਇਆ ਸੀ।

ਇਨਾਂ ਦੀ ਮਜ਼੍ਹਬੀ ਪੂਜਾ ਵਿਚ ਰੋਟ ਚੜਾਉਣਾ, ਚੌਕੀਆ ਦਾ ਮੇਲਾ ਜਦੋਂ ਇਹ ਜਮੀਨ ਤੇ ਸੌਂਦੇ ਨੇ, ਕਦਮਾਂ ਦਾ ਮੇਲਾ ਭਾਵ ਸੰਗ ਨਾਲ ਚਲਣਾ, ਪੀਰ ਦੇ ਸੋਹਲੇ ਗਾਉਣਾ ਆਦਿ।

ਸਖੀ ਸਰਵਰ ਦੀ ਮਜਾਰ ਦੇ ਉੱਤਰ-ਪੱਛਮ ਵਿਚ ਗੁਰੂ ਸਾਹਿਬ ਦੀ ਇਥੇ ਆਮਦ ਦੀ ਯਾਦਗਾਰ ਹੈ। ਇਸ ਨੂੰ ਥੜਾ ਸਾਹਿਬ, ਗੁਰੂ ਨਾਨਕ ਕਿਹਾ ਜਾਂਦਾ ਹੈ।

ਗੁਰੂ ਸਾਹਿਬ ਨੇ ਇਥੇ ਪਹੁੰਚ ਲੋਕਾਈ ਨੂੰ ਉਪਦੇਸ਼ ਦਿੱਤਾ ਕਿ ਸ਼ਖਸੀ ਪੂਜਾ ਛੱਡ ਕੇ ਇਕ ਅਕਾਲ ਨਿਰੰਕਾਰ ਦੇ ਲੜ ਲੱਗੋ। ਇਸ ਮੁਕਾਮ ਦੇ ਮਜੌਰਾਂ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਸਾਹਿਬ ਬਗਦਾਦ ਤੋਂ ਪਰਤ ਰਹੇ ਨੇ ਤਾਂ ਉਹ ਹੋਰ ਵੀ ਪ੍ਰਭਾਵਤ ਹੋਏ।

ਸਖੀ ਸਰਵਰ ਤੋਂ ਗੁਰੂ ਸਾਹਿਬ ਡੇਰਾ ਗਾਜ਼ੀ ਖਾਂ ਆਏ। ਕਿਹਾ

ਜਾਂਦਾ ਹੈ ਕਿ ਇਥੇ ਵੀ ਛੋਟੀ ਜਿਹੀ ਉਮਰ ਦੇ ਮਜ਼ੌਰ ਨੇ ਗੁਰੂ ਸਾਹਿਬ ਅਤੇ ਸਾਥੀਆਂ ਨੂੰ ਹੋਲਾਂ ਚਬਾਈਆਂ ਸਨ। ਕਿਤੇ ਖਜ਼ੂਰਾਂ ਛਕਾਉਣਾ ਵੀ ਲਿਖਿਆ ਹੈ। (ਅਜਿਹੀ ਘਟਨਾ ਹੀ ਪਿੰਡ ਭਰਨਾਵਾਂ ਦੀ ਵੀ ਹੈ) ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਨੇ ਬਾਲਕ ਨੂੰ ਰਾਜਾ ਬਣਨ ਦੀ ਅਸੀਸ ਦਿੱਤੀ ਸੀ।○

ਆਪਣੇ ਮੁਲਤਾਨ ਵਾਲੇ ਸਾਥੀ (ਪੀਰ ਰੁਕਨੁਦੀਨ) ਦੇ ਜਿੱਦ ਕਰਨ ਤੇ ਫਿਰ ਮੁਲਤਾਨ ਨੂੰ ਗਏ। ਉਪਰੰਤ ਛੇਤੀ ਇਕ ਦੋ ਦਿਨਾਂ ਬਾਦ ਹੀ ਗੁਰੂ ਸਾਹਿਬ ਨੇ ਪਹਾੜ ਪਾਸੇ ਦਾ ਰੁਖ ਕਰਦੇ ਹੋਏ ਕਰਤਾਰਪੁਰ ਨੂੰ ਚਾਲੇ ਪਾ ਦਿੱਤੇ। (ਕਈ ਇਤਹਾਸਕਾਰਾਂ ਨੇ ਉਂਜ ਗੁਰੂ ਸਾਹਿਬ ਦਾ ਫਰੀਦਵਾਲਾ✚ ਵੀ ਜਾਣਾ ਲਿਖਿਆ ਹੈ। )

ਮੁਲਤਾਨ ਤੋਂ ਚਲਕੇ ਆਪਣੇ ਪੁਰਾਣੇ ਸ਼ਰਧਾਲੂ ਸੱਜਣ (ਠੱਗ) ਦੇ ਗ੍ਰਿਹ ਮਖਦੂਮਪੁਰ ਪਹੋੜਾਂ ਬਿਰਾਜੇ। ਸੱਜਣ ਦੇ ਨਾਲ ਹੀ ਫਿਰ ਅਗਲੇ ਦਿਨ ਸੱਜਣ ਨੂੰ ਨਾਲ ਲੈਂਦੇ ਹੋਏ ਸ਼ੋਰਕੋਟ ਝੰਗ ਨੂੰ ਰਵਾਨਾ ਹੋਏ। ਸੱਜਣ ਇਕ ਦੋ ਦਿਨ ਗੁਰੂ ਸਾਹਿਬ ਦੇ ਨਾਲ ਚਲਕੇ ਫਿਰ ਆਪਣੇ ਘਰ ਪਰਤ ਗਿਆ। ਸ਼ੋਰਕੋਟ ਜਿੱਥੇ ਗੁਰੂ ਸਾਹਿਬ ਪਹੁੰਚੇ ਉਹ ਰਾਮ ਚੌਧਰੇ ਦਾ ਥੜਾ ਕਹਾਉਦਾ ਹੈ ਤੇ ਵੰਡ ਵੇਲੇ ਤੱਕ ਵੱਡੇ ਪਿੱਪਲ ਤੇ ਬੋਹੜ ਦੇ ਰੁੱਖ ਇਸ ਗੁਰਧਾਮ ਲਾਗੇ ਮੌਜੂਦ ਹੁੰਦੇ ਸਨ। ਆਮ ਲੋਕਾਂ ਨੂੰ ਰਾਹੇ ਪਾਉਣ ਦੇ ਨਾਲ ਨਾਲ ਗੁਰੂ ਸਾਹਿਬ ਇਥੋਂ ਦੇ ਸੂਫੀ ਪੀਰਾਂ ਨੂੰ ਵੀ ਮਿਲੇ।

ਅੱਗੇ 58 ਕਿ.ਮੀ. ਦਾ ਪੈਂਡਾ ਕਰਕੇ ਫਿਰ ਸਾਹਿਬ ਝੰਗ-ਮਘਿਆਣਾ ਪਹੁੰਚ ਲੋਕਾਈ ਨੂੰ ਸਤਿਨਾਮ ਨਿਰੰਕਾਰ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਦੀ ਯਾਦ ਵਿਚ ਅੱਜ ਵੀ ਵਿਸ਼ਾਲ ਗੁਰਧਾਮ ਤੇ ਸਰੋਵਰ ਦੀਆਂ ਨਿਸ਼ਾਨੀਆਂ ਮੌਜੂਦ ਹਨ।

ਝੰਗ ਤੋਂ ਗੁਰੂ ਸਾਹਿਬ ਦੁਬਾਰਾ ਪੁਰਾਤਨ ਕਸਬੇ ਚਿਨਿਓਟ ਗਏ ਤੇ ਆਪਣੇ ਪੁਰਾਣੇ ਸ਼ਰਧਾਲੂ ਸ਼ਾਹ ਬੁਰਹਾਨ ਕੋਲ ਰਾਤ ਰਹੇ। ਸ਼ਾਹ ਨੇ ਅਰਜ ਕੀਤੀ ਕਿ ਮੈਨੂੰ ਆਪਣਾ ਆਖੀਰੀ ਉਪਦੇਸ਼ ਬਖਸ਼ ਜਾਓ ਪਤਾ ਨਹੀ ਦੁਬਾਰਾ ਮੇਲ ਹੋਣਾ ਕਿ ਨਹੀ। ਗੁਰੂ ਸਾਹਿਬ ਨੇ ਸ਼ਾਹ ਨੂੰ ਕਿਹਾ ਕਿ ਲੋਕਾਈ ਨੂੰ ਸਿਫਤ ਸਲਾਹ ਦੇ ਸ਼ਬਦ ਭਾਵ ਨਾਮ ਨਾਲ ਜੋੜੋ, ਵੰਡ ਕੇ ਛਕਣ ਦਾ ਉਪਦੇਸ਼ ਦਿਓ। ਅਗਲੇ ਦਿਨ ਸਾਹਿਬ ਕਰਤਾਰਪੁਰ ਨੂੰ ਰਵਾਨਾ ਹੋ ਗਏ।

-----◈-----

## ਕਰਤਾਰਪੁਰ ਪਰਤਿਆ ਬਾਬਾ "ਭੇਖ ਉਦਾਸੀ ਸਗਲ ਉਤਾਰਾ"

ਜਿਵੇ ਲੋਕਾਈ ਨੂੰ ਪਤਾ ਲੱਗਾ ਕਿ ਬਾਬਾ ਮੱਕੇ ਮਦੀਨੇ ਦਾ ਹੱਜ ਕਰਕੇ ਪਰਤ ਆਇਆ ਹੈ ਤਾਂ ਇਲਾਕਾ ਇਕ ਦਮ ਕਰਤਾਰਪੁਰ ਉਮੰਡ ਆਇਆ। ਕਿਉਕਿ ਲੋਕਾਂ ਵਿਚ ਚਰਚਾ ਸੀ ਕਿ ਮੱਕੇ ਦਾ ਹੱਜ ਗੈਰ ਮੁਸਲਮਾਨ ਲਈ ਵਰਜਿਆ ਹੋਇਆ ਹੈ ਤਾਂ ਕਈ ਮਨਮੁਖਾਂ ਨੇ ਇਹ ਧੁੰਮਾ ਦਿੱਤਾ ਸੀ ਕਿ ਹੁਣ ਨਹੀ ਬਾਬਾ ਮੁੜਦਾ। ਕਰਤਾਰਪੁਰ ਖੁੱਸ਼ੀਆਂ ਸਨ ਪਰ ਨਾਲ ਹੀ ਮਰਦਾਨੇ ਤੇ ਬੇਬੇ ਨਾਨਕੀ ਅਤੇ ਭਾਈਆ ਜੈ ਰਾਮ ਦੀ ਮੌਤ ਦਾ ਸੋਗ ਵੀ ਸੀ। ਪਰ ਗੁਰੂ ਨਾਨਕ ਦਾ ਨਾਂ ਤਾਂ ਹੈ ਹੀ ਚੜ੍ਹਦੀ ਕਲ੍ਹਾ ਦਾ ਪ੍ਰਤੀਕ। ਉਹ ਕਿਸੇ ਅਫਸੋਸ ਕਰਨ ਆਏ ਸੱਜਣ ਨੂੰ ਉਤਸ਼ਾਹ ਨਹੀ ਸਨ ਦੇ ਰਹੇ।

ਬਾਬਾ ਜੀ ਨੂੰ ਪਰਤਿਆਂ ਕੁਝ ਹੀ ਦਿਨ ਬੀਤੇ ਸਨ ਕਿ ਮਾਤਾ ਸੁਲਖਣੀ (ਚੋਣੀ) ਅਤੇ ਸਾਰੀ ਸੰਗਤ ਗੁਰੂ ਸਾਹਿਬ ਦੇ ਦੁਆਲੇ ਹੋ ਗਈ ਕਿ ਤੇ ਅਰਦਾਸ ਕਰਨ ਲੱਗੀ ਕਿ ਬਾਬਾ ਜੀ ਮੁਕਾਮੀ ਸੰਗਤਾਂ ਤੇ ਹੀ ਤਰਸ ਕਰੋ ਤੇ ਇਸ ਇਲਾਕੇ ਨੂੰ ਵੀ ਨਾਮ ਦੀ ਦਾਤ ਬਖਸ਼ੋ। ਮਾਤਾ ਚੋਣੀ ਨੇ ਜਿਵੇ ਹੀ ਗੁਰੂ ਸਾਹਿਬ ਦੇ ਪੈਰ ਫੜੇ ਤਾਂ ਸਾਰੀ ਸੰਗਤ ਹੀ ਮਾਤਾ ਜੀ ਦੇ ਹੱਕ ਵਿਚ ਹੋ ਗਈ।

ਉਸ ਮੌਕੇ ਫਿਰ ਮਾਤਾ ਚੋਣੀ ਨੇ ਨਵੇਂ ਕਪੜਿਆਂ ਦਾ ਜੋੜਾ ਲਿਆ ਹਾਜਰ ਕੀਤਾ। ਗੁਰੂ ਸਾਹਿਬ ਨੇ ਸੰਗਤ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਨਵਾਂ ਗ੍ਰਿਸਤੀ ਜੋੜਾ ਪਹਿਨ ਲਿਆ। ਨਾਲ ਹੀ ਸਾਹਿਬ ਨੇ ਐਲਾਨ ਕਰ ਦਿੱਤਾ ਕਿ ਅੱਗੇ ਤੋਂ ਸੰਨਿਆਸੀਆਂ ਜਾਂ ਫਕੀਰਾਂ ਵਾਲੇ ਕਪੜਿਆਂ ਦੀ ਜਰੂਰਤ ਨਹੀ ਹੋਵੇਗੀ। ਗੁਰੂ ਸਾਹਿਬ ਦਾ ਪਹਿਰਾਵਾ ਉਸ ਵਕਤ ਕਿਸਾਨ ਵਾਲਾ ਹੋ ਗਿਆ। ਸਿਰ ਤੇ ਪਰਨਾ ਜਾਂ ਕਦੀ ਪੱਗ, ਕਮੀਜ, ਕੋਪੀਨ ਜਾਂ ਕਦੀ ਕੱਛਾ ਹੁੰਦਾ ਤੇ ਸਾਹਿਬ ਚਾਦਰ ਵੀ ਬੰਨਦੇ ਸਨ। ਪੈਰਾਂ ਵਿਚ ਲੱਕੜ ਦੀਆਂ ਖੜਾਵਾਂ ਦੀ ਥਾਂ ਹੁਣ ਜੁੱਤੀ ਜਾਂ ਜਿਸ ਨੂੰ ਖੋਸਾ ਵੀ ਕਿਹਾ ਜਾਂਦਾ ਹੈ ਉਹ ਪਹਿਨ ਲਿਆ।

> **ਬਾਬਾ ਆਇਆ ਕਰਤਾਰਪੁਰ,ਭੇਖ ਉਦਾਸੀ ਸਗਲ ਉਤਾਰਾ॥**
> **ਪਹਿਰ ਸੰਸਾਰੀ ਕਪੜੇ, ਮੰਜੀ ਬੈਠ ਕੀਆ ਅਵਤਾਰਾ॥**

ਯਾਦ ਰਹੇ ਗੁਰੂ ਸਾਹਿਬ ਪਹਿਲੇ ਦਿਨ ਤੋਂ ਹੀ ਸੰਨਿਆਸ (ਭਾਵ ਸਾਧੂ ਬਣਕੇ, ਗ੍ਰਿਸਤ ਤਿਆਗ ਜਾਣਾਂ) ਦੇ ਸਿਧਾਂਤ ਦੇ ਖਿਲਾਫ ਸਨ। ਪਰ ਗੁਰੂ ਸਾਹਿਬ ਦੂਰ ਦੁਰਾਡੇ ਦੇਸਾਂ ਵਿਚ ਸਾਧੂ ਫਕੀਰ ਦੀ ਤਰਾਂ ਹੀ ਵਿਚਰਦੇ ਸਨ ਕਿਉਕਿ ਅਜਿਹਾ ਕਰਨ ਨਾਲ ਸਫਰ ਵਿਚ ਆਸਾਨੀ ਹੋ ਜਾਂਦੀ ਸੀ।

-----◈-----

## ਮਰਦਾਨੇ ਦੇ ਪ੍ਰਵਾਰ ਨੂੰ ਸੱਦ ਭੇਜਣਾ

ਕਰਤਾਰਪੁਰ ਪਹੁੰਚ ਗੁਰੂ ਸਾਹਿਬ ਨੇ ਮਰਦਾਨੇ ਦੇ ਪ੍ਰਵਾਰ ਨੂੰ ਸੁਨੇਹਾ ਭੇਜ ਕੇ ਆਪਣੇ ਕੋਲ ਸੱਦਿਆ। ਇਤਹਾਸ ਤੋਂ ਲਗਦਾ ਹੈ ਕਿ ਮਰਦਾਨੇ ਦਾ ਪੋਤਰਾ ਗੁਰੂ ਸਾਹਿਬ ਦੇ ਚਰਨਾਂ ਵਿਚ ਰਹਿਣ ਲਈ ਤਿਆਰ ਹੋਇਆ। ਕਿਉਕਿ ਮਰਦਾਨਾ ਖੁੱਦ ਗੁਰੂ ਸਾਹਿਬ ਨਾਲੋਂ ਵੱਡੀ ਉਮਰ ਦਾ ਸੀ ਇਸ ਕਰਕੇ ਮਰਦਾਨੇ ਦੇ ਪੁੱਤਰ ਸ਼ਹਿਜਾਦਾ ਤੇ ਰਜਾਦਾ (ਰੱਜਿਆ ਦਾ) ਖੁੱਦ ਵੀ ਵਢੇਰੀ ਉਮਰ ਦੇ ਸਨ।

ਉਂਜ ਇਕ ਲਿਖਾਰੀ ਨੇ ਇਹ ਵੀ ਲਿਖਿਆ ਹੈ ਕਿ ਭਾਈ ਬਲਵੰਡ ਹੀ ਗੁਰੂ ਸਾਹਿਬ ਦੇ ਕੋਲ ਕੀਰਤਨ ਕਰਨ ਪਹੁੰਚ ਗਇਆ ਸੀ।◘

___▲___

ਪੈੜ ਸੁਵਾ

◆ ਕੈਸਰ ਨੇ ਕੋਇਟੇ ਦੇ ਗੁਰਦੁਆਰੇ ਨੂੰ ਤਿਲਰੰਜੀ ਸਾਹਿਬ ਦੱਸਿਆ ਹੈ। ਜਦੋਂ ਕਿ ਤਿਲਰੰਜੀ ਵਾਲੀ ਸਾਖੀ ਕੇਰਲਾ ਦੇ ਪੁਲੀਅਮ ਕੋਟੇ ਨਾਲ ਸਬੰਧ ਰਖਦੀ ਹੈ।

○ ਬਰਵਾਲਾ-60 ਨੇ ਇਹ ਘਟਨਾ ਡੇਰਾ ਇਸਮਾਈਲ ਖਾਂ ਹੋਣੀ ਲਿਖੀ ਹੈ। ਇਤਹਾਸਿਕ ਤੌਰ ਗੁਰੂ ਸਾਹਿਬ ਦੀ ਆਮਦ ਵੇਲੇ ਡੇਰਾ ਕੋਈ ਖਾਸ ਅਹਿਮੀਅਤ ਨਹੀ ਸੀ ਰੱਖਦਾ। ਸਾਨੂੰ ਨਹੀ ਲਗਦਾ ਕਿ ਗੁਰੂ ਸਾਹਿਬ ਡੇਰੇ ਗਏ ਹੋਣਗੇ। ਅਜਿਹੀ ਸਾਖੀ ਭਾਈ ਫੇਰੂ ਲਾਗਲੇ ਪਿੰਡ ਭਰਨਾਵਾਂ ਦੀ ਵੀ ਹੈ।

○ ਗੁਰਧਾਮ ਦੀਦਾਰ - 123, ✚ ਬਰਵਾਲਾ- 43 (ਅਸੀ ਫਰੀਦਵਾਲਾ ਦਾ ਇਤਹਾਸ ਹਾਸਲ ਨਹੀ ਕਰ ਪਾਏ। ) ◘ ਮਹਿਮਾ ਪ੍ਰਕਾਸ਼- ਸਰੂਪ ਦਾਸ ਭੱਲਾ ਪੰਨਾ 47

# ਲਹਿਣਾ ਮਿਲਾਪ ਅਤੇ ਕਰਤਾਰਪੁਰ ਦੇ ਕੌਤਕ (ਭਾਗ -6)•

1532 ਈ. ਤੋਂ 1535/36 ਦੀਆਂ ਸਾਖੀਆਂ

## ਕੱਚੇ ਧਾਗੇ ਦਾ ਬੱਧਾ, ਖਿੱਚਿਆ ਚਲਾ ਆਇਆ ਭਾਈ ਲਹਿਣਾ

ਸਤਾਈਆਂ ਸਾਲਾਂ ਦਾ ਲਹਿਣਾ ਪਿੰਡ ਖਡੂਰ ਵਿਚ ਹੱਟੀ ਕਰਦਾ ਹੈ।◈ ਪੜਿਆ ਲਿਖਿਆ ਹੋਣ ਕਰਕੇ ਇਲਾਕੇ ਵਿਚ ਮਾਤਾ ਦੇ ਜਗਰਾਤੇ ਵਾਲੇ ਜਥੇ ਦਾ ਮੁੱਖੀ ਵੀ ਹੈ। ਲਹਿਣੇ ਨੇ ਆਪਣੇ ਪਿਤਾ ਫੇਰੂ ਕੋਲੋਂ ਬਾਬੇ ਨਾਨਕ ਬਾਰੇ ਵੀ ਸੁਣਿਆ ਹੋਇਆ ਹੈ। ਇਕ ਦਿਨ ਖਡੂਰ ਦਾ ਭਾਈ ਜੋਧ ਗੁਰੂ ਸਾਹਿਬ ਦੀ ਬਾਣੀ● ਪੜ੍ਹ ਰਿਹਾ ਹੁੰਦਾ ਹੈ ਤਾਂ ਭਾਈ ਲਹਿਣਾ ਉਤਸੁਕਤਾ ਵਸ ਹੋ ਇਸ ਬਾਣੀ ਬਾਰੇ ਜਾਨਣ ਦੀ ਕੋਸ਼ਿਸ਼ ਕਰਦਾ ਹੈ। ਬਾਣੀ ਦੇ ਰਹੱਸਮਈ ਬੋਲ ਲਹਿਣੇ ਵਿਚ ਜਗਿਆਸਾ ਹੋਰ ਭੜਕਾ ਦਿੰਦੇ ਨੇ। ਭਾਈ ਜੋਧ ਲਹਿਣੇ ਨੂੰ ਗੁਰੂ ਨਾਨਕ ਬਾਰੇ ਉਹ ਗੱਲਾਂ ਵੀ ਦੱਸਦਾ ਹੈ ਜਿਹੜੀਆਂ ਪਿਤਾ ਫੇਰੂ ਨੇ ਨਹੀ ਸਨ ਦੱਸੀਆਂ।

ਗੱਲ ਚੇਤ ਨਵਰਾਤਿਆਂ (ਮਾਰਚ 1532) ਦੀ ਹੈ। ਜੰਮੂ-ਕਟੜੇ ਵਾਲੀ ਭਵਨਾਂ ਵਾਲੀ ਮਾਂ ਵੈਸ਼ਨੋ ਦੇਵੀ ਦਾ ਮੇਲਾ ਹੈ।◉ ਲਹਿਣਾ ਵੀ ਮੇਲੇ ਲਈ ਆਪਣਾ ਸੰਗ ਲੈ ਕੇ ਖਡੂਰ ਤੋਂ ਰਵਾਨਾ ਹੋ ਜਾਂਦਾ ਹੈ। ਕੁਝ ਲੋਕ ਘੋੜਿਆਂ ਤੇ ਨੇ ਤੇ ਬਹੁਤੇ ਪੈਦਲ। ਪਹਿਲੀ ਰਾਤ ਚਵਿੰਢਾ ਦੇਵੀ ਮੰਦਰ ਦੀ ਸਰਾਂ ਵਿਚ ਕੱਟਦੇ ਨੇ। ਅਗਲਾ ਨਿਸ਼ਾਨਾ ਰਾਵੀ ਦਾ ਕਲਾਨੌਰ ਦੇ ਪਰਗਨੇ ਦਾ ਪੱਖੋਕਿਆਂ ਦਾ ਮਸ਼ਹੂਰ ਪੱਤਣ ਹੈ।

ਲਹਿਣੇ ਦਾ ਸੰਗ ਰਵੋਂ ਰਵੀ ਪੱਤਣ ਦੀ ਲਾਗਲੀ ਸਰਾਂ ਵਿਚ ਪਹੁੰਚ ਜਾਂਦਾ ਹੈ।■



ਦੇਵੀ ਭਗਤ ਭਾਈ ਲਹਿਣਾ ਭਵਨੀਂ (ਵੈਸ਼ਨੋ ਦੇਵੀ) ਜਾਂਦਾ ਹੋਇਆ। (ਬੀ:40

ਸੰਗ ਰਾਤ ਦੇ ਖਾਣ ਪੀਣ ਦਾ ਇੰਤਜਾਮ ਕਰਦਾ ਹੈ। ਘੋੜਿਆਂ ਵਾਲੇ ਘਾਹ ਪੱਠੇ ਦਾ ਇੰਤਜਾਮ ਕਰਦੇ ਹਨ।

ਲਹਿਣਾ ਸਰਾਂ ਦੇ ਬੰਦਿਆਂ ਕੋਲੋਂ ਪੁੱਛ ਗਿੱਛ ਕਰਦਾ ਹੈ ਕਿ ਇਥੇ ਕਿਤੇ ਸੁਣਿਐ ਗੁਰੂ ਨਾਨਕ ਦਾ ਡੇਰਾ ਹੈ। ਬੰਦੇ ਦੱਸਦੇ ਨੇ ਕਿ ਜੀ ਉਹ ਤਾਂ ਐਨ ਤੁਹਾਡੇ ਰਾਹ ਤੇ ਹੀ ਆ; ਰਾਵੀ ਦੇ ਉਰਲੇ ਕੰਢੇ। (ਓਦੋਂ ਰਾਵੀ ਪੱਖੋਕਿਆਂ ਦੇ ਉੱਤਰ ਵਿਚ ਵਗਦਾ ਸੀ।)

ਥੱਕਿਆ ਟੁੱਟਾ ਲਹਿਣਾ ਆਪਣੇ ਸੰਗੀਆਂ ਨੂੰ ਕਹਿੰਦਾ ਕਿ ਭਾਈਓ ਮੈਂ ਤਾਂ ਅਰਾਮ ਕਰਨ ਲੱਗਾਂ। ਮੈਂ ਸਵੱਖਤੇ ਉਠ ਬਾਬੇ ਨਾਨਕ ਦਾ ਡੇਰਾ ਵੇਖਣਾ ਹੈ ਤੁਸੀ ਮੈਨੂੰ ਰਾਹ ਵਿਚੋਂ ਲੈ ਲਿਓ।

ਅਗਲੇ ਮਨ੍ਹੇਰੇ (ਪਹੁ ਫੁੱਟਣ ਤੋਂ ਪਹਿਲਾਂ) ਲਹਿਣਾ ਉਠਦਾ ਹੈ। ਵਾਹੋ ਦਾਹੀ ਘੋੜੇ ਤੇ ਕਾਠੀ ਸੁੱਟਦਾ ਤੇ ਰਵਾਨਾ ਹੋ ਜਾਂਦਾ ਹੈ। ਗਾਡੀ ਰਾਹ ਹੈ। ਲਹਿਣਾ ਦੱਸੀਆਂ ਨਿਸ਼ਾਨੀਆਂ ਮੁਤਾਬਿਕ ਰਵਾਂ ਰਵੀਂ ਚਲਦਾ ਜਾ ਰਿਹਾ ਹੁੰਦਾ ਹੈ।

ਸਬੱਬੀ ਇਕ ਬਜ਼ੁਰਗ ਨਜਰ ਆਉਦਾ ਹੈ। ਰਾਹ ਦਾ ਉਂਜ ਤਾਂ ਲਹਿਣੇ ਨੂੰ ਅੰਦਾਜ਼ਾ ਹੋ ਹੀ ਗਿਆ ਸੀ ਪਰ ਫਿਰ ਵੀ ਸੋਚਿਆ ਕਿ ਇਸ ਬਜੁਰਗ ਕੋਲੋ ਪੁੱਛ ਲੈਂਨੇ ਆ।

ਲਹਿਣਾ ਉਸ ਬਜੁਰਗ ਦੇ ਕੋਲ ਪਹੁੰਚ ਬੋਲ ਉਠਿਆ, "ਬਾਬਾ ਜੀ ਇਥੇ ਕਿਤੇ ਗੁਰੂ ਨਾਨਕ ਦਾ ਡੇਰਾ ਦੱਸੀਦੈ?"

ਬਜੁਰਗ ਲਹਿਣੇ ਨੂੰ ਕਹਿੰਦਾ ਕਿ ਪੁਰਖਾ! ਆ ਮੇਰੇ ਮਗਰ ਮਗਰ ਚਲਦਾ ਆ। ਮੈਂ ਵੀ ਓਥੇ ਈ ਜਾਣਾ ਏ। ਬੇਸ਼ੱਕ ਘੋੜੇ ਦੀ ਵਾਗ ਮੈਨੂੰ ਹੀ ਫੜ੍ਹਾ ਦੇ।

ਵਾਗ ਫੜ੍ਹ ਉਹ ਬਜ਼ੁੱਰਗ ਘੋੜੇ ਦੇ ਅੱਗੇ ਅੱਗੇ ਚਲਦਾ ਹੈ। ਡੇਰੇ ਵਿਚ ਚਲ੍ਹ ਰਹੀ ਆਸਾ ਦੀ ਵਾਰ ਦੀ ਅਵਾਜ ਲਹਿਣੇ ਨੂੰ ਝੰਜੋੜੀ ਜਾ ਰਹੀ ਹੁੰਦੀ ਏ।

ਡੇਰੇ ਪਹੁੰਚ ਬਜੁਰਗ ਬੋਲਿਆ, "ਪੁਰਖਾ! ਓਸ ਕਿੱਲੇ ਨਾਲ ਘੋੜੇ ਨੂੰ ਬੰਨ, ਧਰਮਸਾਲ ਅੰਦਰ ਆ ਜਾ।

ਬਜ਼ੁੱਰਗ ਜਿਵੇਂ ਧਰਮਸਾਲ ਅੰਦਰ ਪੈਰ ਰੱਖਦਾ ਹੈ ਸਾਰੀ ਸੰਗਤ ਸੁਚੇਤ ਹੋ ਜਾਂਦੀ ਹੈ, "ਬਾਬਾ ਆ ਗਿਆ!" ਗੁਰੂ ਸਾਹਿਬ ਉਚੇ ਥੜੇ ਤੇ ਆਪਣੇ ਆਸਣ ਤੇ ਬਿਰਾਜ ਜਾਂਦੇ ਨੇ।

ਲਹਿਣਾ ਜਿਵੇਂ ਦੀਵਾਨ ਵਿਚ ਵੜ੍ਹਦਾ ਹੈ ਤਾਂ ਉਨੂੰ ਝੱਟਕਾ ਲੱਗਦਾ ਹੈ ਜਦੋਂ ਉਹ ਵੇਖਦਾ ਕਿ ਰਾਹ ਦਸੇਰਾ ਓਹੀ ਬਜ਼ੁੱਰਗ ਇਥੇ ਸਭਾ-ਪਤੀ ਹੈ ਭਾਵ ਖੁੱਦ ਗੁਰੂ ਨਾਨਕ ਹੀ ਹੈ।

ਸ਼ਰਮਸਾਰ ਹੋਇਆ ਲਹਿਣਾ ਗੁਰੂ ਸਾਹਿਬ ਦੇ ਚਰਨ ਛੁਹਦਾ ਹੈ। "ਗੁਰੂ ਜੀ ਮੈਨੂੰ ਮਾਫ ਕਰ ਦੋ। ਮੈਂ ਤੁਹਾਨੂੰ ਪਛਾਣਿਆ ਨਹੀ ਸੀ। ਮੈਂ ਗੁਨਾਹਗਾਰ ਹਾਂ ਤੁਹਾਨੂੰ ਲੱਗਾਮ ਫੜਾਈ ਮੈਂ ਖੁੱਦ ਘੋੜੇ ਤੇ ਚੜਿਆ ਆਇਆ।" ਗੁਰੂ ਸਾਹਿਬ ਨੇ ਦਿਲਾਸਾ ਦਿੱਤਾ, "ਪੁੱਤਰਾ

ਕੁਝ ਗਲਤ ਨਹੀ ਹੋਇਆ। ਸਭ ਠੀਕ ਹੈ।"

ਗੁਰੂ ਸਾਹਿਬ ਦੀਵਾਨ ਤੋਂ ਬਾਹਰ ਆ ਜਾਂਦੇ ਨੇ ਮਗਰੇ ਮਗਰ ਲਹਿਣਾ।

ਗੁਰੂ ਸਾਹਿਬ ਅੱਗੋ ਪੁੱਛਦੇ ਨੇ ਪੁਰਖਾ ਤੇਰਾ ਨਾਂ ਕੀ ਹੈ?

"ਜੀ ਮੇਰਾ ਨਾਂ ਲਹਿਣਾ।" ਲਹਿਣਾ ਬੋਲਿਆ।

ਗੁਰੂ ਸਾਹਿਬ ਲਹਿਣੇ ਨੂੰ ਘੁੱਟ ਕੇ ਗਲ ਨਾਲ ਲਾ ਬੋਲਦੇ ਨੇ "ਪੁਰਖਾ ਬੁਰਾ ਨਾਂ ਮਨਾ। ਸ਼ਰਮਸ਼ਾਰ ਨਾਂ ਹੋ ਕਿਉਕਿ ਲੈਣਦਾਰ ਹਮੇਸ਼ਾ ਘੋੜ ਚੜੀ ਹੀ ਆਉਦੇ ਨੇ। ਤੂੰ ਇਥੋਂ ਲੈਣਾ ਹੈ। ਤੂੰ ਮੈਨੂੰ ਫੇਰੂ ਬਾਰੇ ਦੱਸ?"

ਬਿਨਾਂ ਸੋਚੇ ਲਹਿਣਾ ਬੋਲ ਉਠਿਆ ਜੀ ਉਹਨਾਂ ਨੂੰ ਤਾਂ ਚੜ੍ਹਾਈ ਕੀਤਿਆਂ 7 ਸਾਲ ਹੋ ਗਏ ਨੇ।

ਗੁਰੂ ਸਾਹਿਬ ਨੇ ਹੋਰਨਾਂ ਸਿੱਖਾਂ ਬਾਰੇ ਵੀ ਪੁੱਛਿਆ, "ਭਾਈ ਜੇਠਾ, ਭਾਈ ਤਖਤ ਮਲ, ਮਾਈ ਭਿਰਾਈ?"

ਲਹਿਣਾ ਰਵਾਂ ਰਵੀ ਸਭ ਦਾ ਹਾਲ ਚਾਲ ਦੱਸ ਰਿਹਾ ਸੀ। ਕੁਝ ਚਿਰ ਜਿਵੇ ਗੁਰੂ ਸਾਹਿਬ ਕਿਸੇ ਹੋਰ ਗੁਰਸਿੱਖ ਨਾਲ ਗਲ ਕਰਨ ਲੱਗ ਪਏ ਲਹਿਣਾ ਦੀਆਂ ਅੱਖਾਂ ਖੁੱਲੀਆਂ ਤੇ ਅਹਿਸਾਸ ਹੋਇਆ ਕਿ ਗੁਰੂ ਜੀ ਨੂੰ ਕਿਵੇ ਪਤਾ ਕਿ ਮੈਂ ਫੇਰੂ ਤ੍ਰੇਹਨ ਦਾ ਮੁੰਡਾ ਹਾਂ? ਲਹਿਣੇ ਦਾ ਸਿਰ ਚਕ੍ਰਾਅ ਜਾਂਦਾ ਹੈ।

ਲਹਿਣੇ ਨੂੰ ਭਾਈ ਜੇਠੇ ਦੀ ਗਲ ਯਾਦ ਆ ਜਾਂਦੀ ਹੈ ਕਿ ਗੁਰੂ ਸਾਹਿਬ ਜਾਣੀ ਜਾਣ ਨੇ।

ਗੁਰੂ ਸਾਹਿਬ ਮੁੜ ਦੀਵਾਨ ਵਿਚ ਜਾ ਬਿਰਾਜਦੇ ਨੇ।

ਦੁੱਧ ਛੱਕਣ ਤੋਂ ਬਾਦ ਲਹਿਣਾ ਦੀਵਾਨ ਵਿਚ ਜਿਵੇ ਜਾਂਦਾ ਹੈ ਗੁਰੂ ਸਾਹਿਬ ਇਸ਼ਾਰਾ ਕਰਕੇ ਆਪਣੇ ਕੋਲ ਬਹਿਣ ਲਈ ਕਹਿੰਦੇ ਨੇ।



ਭਾਈ ਲਹਿਣਾ ਤੇ ਹੋਰ ਮਾਤਾ ਦੇ ਭਗਤ ਗੁਰੂ ਸਾਹਿਬ ਦੇ ਚਰਨਾਂ ਤੇ।(ਬੀ:40 ਤਸਵੀਰ।। ਇਥੇ ਭਾਈ ਮਰਦਾਨੇ ਨੂੰ ਵੀ ਦਿਖਾਇਆ ਗਇਆ ਹੈ ਜੋ ਇਤਹਾਸਿਕ ਤੌਰ ਤੇ ਗਲਤ ਹੈ।)

ਰਬਾਬੀ ਨੂੰ ਹੁਕਮ ਹੁੰਦਾ ਹੈ ਕਿ ਮਲਾਰ ਦੀ ਧੁੰਨ ਵਜਾ।

ਗੁਰੂ ਸਾਹਿਬ ਉੱਚੀ ਸੁਰ 'ਚ ਸ਼ਬਦ ਲਾ ਦਿੰਦੇ ਨੇ:

ਮਲਾਰ ਮਹਲਾ ੧ ॥ ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ ॥ ਭਈ ਨਿਰਾਸੀ ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ ॥੧॥ ਬਰਸੁ ਘਨਾ ਮੇਰਾ ਪਿਰੁ ਘਰਿ ਆਇਆ ॥ ਬਲਿ ਜਾਵਾਂ ਗੁਰ ਅਪਨੇ ਪ੍ਰੀਤਮ ਜਿਨਿ ਹਰਿ ਪ੍ਰਭੁ ਆਣਿ ਮਿਲਾਇਆ ॥੧॥ ਰਹਾਉ ॥ ਨਉਤਨ ਪ੍ਰੀਤਿ ਸਦਾ ਠਾਕੁਰ ਸਿਉ ਅਨਦਿਨੁ ਭਗਤਿ ਸੁਹਾਵੀ ॥ ਮੁਕਤਿ ਭਏ ਗੁਰਿ ਦਰਸੁ ਦਿਖਾਇਆ ਜੁਗਿ ਜੁਗਿ ਭਗਤਿ ਸੁਭਾਵੀ ॥੨॥ ਹਮ ਥਾਰੇ ਤ੍ਰਿਭਵਣ ਜਗੁ ਤੁਮਰਾ ਤੂ ਮੇਰਾ ਹਉ ਤੇਰਾ ॥ ਸਤਿਗੁਰਿ ਮਿਲਿਐ ਨਿਰੰਜਨੁ ਪਾਇਆ ਬਹੁਰਿ ਨ ਭਵਜਲਿ ਫੇਰਾ ॥੩॥ ਅਪੁਨੇ ਪਿਰ ਹਰਿ ਦੇਖਿ ਵਿਗਾਸੀ ਤਉ ਧਨ ਸਾਚੁ ਸੀਗਾਰੋ ॥ ਅਕੁਲ ਨਿਰੰਜਨ ਸਿਉ ਸਚਿ ਸਾਚੀ ਗੁਰਮਤਿ ਨਾਮੁ ਅਧਾਰੋ ॥੪॥ ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ ॥ ਨਾਨਕ ਰਾਮ ਨਾਮੁ ਰਿਦ ਅੰਤਰਿ ਗੁਰਮੁਖਿ ਮੇਲਿ ਮਿਲਾਈ ॥੫॥੪॥

ਲਹਿਣੇ ਤੇ ਵੱਖਰਾ ਹੀ ਸਰੂਰ ਚੜ੍ਹ ਜਾਂਦਾ ਹੈ। ਜੀਵਨ ਮਨੋਰਥ ਪੂਰਾ ਹੋ ਜਾਂਦਾ ਹੈ।

ਪਤਾ ਨਹੀ ਕੀ ਹੋ ਗਿਆ, ਰੂਹਾਨੀਅਤ ਬਾਰੇ ਜੋ ਥਾਂ ਥਾਂ ਤੇ ਸਵਾਲ ਕਰ ਦਿਆ ਕਰਦਾ ਸੀ ਓਹ ਲਹਿਣਾ ਹੁਣ ਚੁੱਪ ਸੀ, ਸਾਰੇ ਸਵਾਲ ਮੁੱਕ ਗਏ ਨੇ।

ਸਵੇਰ ਦੇ ਦੀਵਾਨ ਦਾ ਭੋਗ ਪੈਂਦਾ ਹੈ। ਦੁੱਧ ਤੇ ਲੱਸੀ ਦਾ ਲੰਗਰ ਚਲ ਰਿਹਾ ਹੁੰਦਾ ਹੈ।

ਲਹਿਣੇ ਦਾ ਸੰਗ ਵੀ ਆ ਪਹੁੰਚਦਾ ਹੈ। ਲੰਗਰ ਪਾਣੀ ਛਕਣ ਤੋਂ ਬਾਦ ਪੁੱਛ ਗਿੱਛ ਹੁੰਦੀ ਹੈ ਕਿ ਉਨਾਂ ਦਾ ਸੰਗੀ ਲਹਿਣਾ ਇਥੇ ਆਇਆ? ਲਹਿਣੇ ਨੂੰ ਬੁਲਾਇਆ ਜਾਂਦਾ ਹੈ। ਸੰਗੀਆਂ ਕੋਲ ਪਹੁੰਚ ਲਹਿਣਾ ਕਹਿੰਦਾ ਕਿ ਭਰਾਵੋ ਮੇਰੀ ਤਾਂ ਯਾਤਰਾ ਸੰਪੂਰਨ ਪੂਰਾ ਹੋ ਗਈ ਜੇ। ਜਿਸ ਕਾਰਨ ਮੈਂ ਦੇਵੀ ਦਰਸ਼ਨ ਨੂੰ ਜਾਣਾ ਸੀ ਉਹ ਮੈਨੂੰ ਇਥੇ ਹੀ ਹੋ ਗਏ ਨੇ। ਕਿਉਕਿ ਲਹਿਣੇ ਨੂੰ ਗਿਆਨ ਹੋ

ਪੈੜ ਸਫਾ

◆**ਭਾਗ–6 ਕਿਵੇ?** 1. ਪਹਿਲੀ ਉਦਾਸੀ ਤੋਂ ਪਰਤਣ ਮੌਕੇ (ਸਾਲ 43ਵਾਂ), 2. ਦੂਸਰੀ ਉਦਾਸੀ ਤੋਂ ਵਾਪਸੀ ਤੇ (ਸਾਲ 49 ਵਾਂ), 3. ਕਰਤਾਰਪੁਰ ਭਾਵ ਮੁਕਾਮ ਦੀ ਸਥਾਪਤੀ (ਸਾਲ 52ਵਾਂ), 4. ਕੌਤਕ ਦੇ ਕੌਤਕ (ਸਾਲ 53ਵਾਂ), 5. ਕੌਤਕ ਦੇ ਕੌਤਕ (ਸਾਲ 56ਵਾਂ) ਅਤੇ 6. ਕੌਤਕ ਦੇ ਕੌਤਕ (ਸਾਲ 63ਵਾਂ)।

◈ ਖਡੂਰ ਤੋਂ 5 ਕਿ. ਮੀ. ਚੜ੍ਹਦੇ ਪਾਸੇ ਪਿੰਡ ਸੰਘਰ ਵਿਖੇ ਭਾਈ ਲਹਿਣੇ ਦੇ ਸਹੁਰੇ ਸਨ। ਅੱਜ ਇਹ ਪਿੰਡ ਬੇਚਰਾਗ ਹੋ ਚੁੱਕਾ ਹੈ। ਲੱਗਦਾ ਹੈ ਸਿਰਫ ਖਤਰੀਆਂ ਦੇ ਹੀ ਘਰ ਸਨ। ਹੁਣ ਸਿਰਫ ਇਕ ਸ਼ਿਵਾਲਾ ਹੀ ਓਥੇ ਬਚਿਆ ਹੈ। ਇਲਾਕੇ ਦੇ ਸੂਝਵਾਨ ਲੋਕਾਂ ਨੇ ਲਾਗਲੇ ਪਿੰਡ ਵਿਚ ਗੁਰਦੁਆਰਾ ਮਾਤਾ ਖੀਵੀ ਨੂੰ ਸਮਰਪਤ ਕੀਤਾ ਹੋਇਆ ਹੈ।

● ਕੁਝ ਲਿਖਾਰੀਆ ਨੇ ਜਪੁਜੀ ਲਿਖਿਆ ਕਈ ਲਿਖਾਰੀਆਂ ਆਸਾ ਦੀ ਵਾਰ ਲਿਖੀ ਹੈ।

◈ ਬੀ:40- 92 ਨੇ 1536 ਈ ਵਿਚ ਭਾਈ ਲਹਿਣੇ ਦਾ ਪਹਿਲਾ ਮੇਲ ਗੁਰੂ ਸਾਹਿਬ ਨਾਲ ਦੱਸਿਆ ਹੈ। ਗਿਆਨੀ-304 ਭਾਈ ਲਹਿਣੇ ਦਾ ਮੇਲ 1526 ਈ. ਵਿਚ ਲਿਖਦਾ ਹੈ। ਪਰ ਸਿੱਖੀ ਦੀ ਪ੍ਰੰਪਰਾ ਅਨੁਸਾਰ ਮੇਲ 1532 ਵਿਚ ਹੁੰਦਾ ਹੈ। ਦੇਖੋ ਮਹਾਨ ਕੋਸ਼।

⊙ ਬਹੁਤੇ ਲਿਖਾਰੀਆਂ ਨੇ ਭਾਈ ਲਹਿਣੇ ਦਾ ਜਵਾਲਾ ਜੀ (ਕਾਂਗੜਾ) ਜਾਣਾ ਲਿਖਿਆ ਹੈ। ਪਰ ਭੂਗੋਲ ਦੇ ਅਨੁਸਾਰ ਇਹ ਗਲ ਢੁੱਕਦੀ ਨਹੀ। ਪੱਖੋਕੇ ਖਡੂਰ ਤੋਂ ਵੈਸ਼ਨੋ ਦੇਵੀ ਦੇ ਰਾਹ ਵਿਚ ਪੈਂਦਾ ਹੈ। ਵੇਖੋ ਨਾਲ ਦਿੱਤਾ ਨਕਸ਼ਾ। ਹਾਂ, ਜੰਮੂ ਦੇ ਇਲਾਕੇ ਵਿਚ ਇਕ ਝਿੜੀ ਨਾਂ ਦਾ ਮੰਦਰ ਵੀ ਪੰਜਾਬੀ ਹਿੰਦੂਆਂ ਵਿਚ ਕਾਫੀ ਮਕਬੂਲ ਰਿਹਾ ਹੈ। ਬ:40- ਨੇ ਲਿਖਿਆ ਹੈ ਕਿ ਭਾਈ ਲਹਿਣਾ ਮੱਤੇ ਕੀ ਸਰਾਇ (ਸਰਾਇ ਨਾਗਾ) ਤੋਂ ਚਲ ਕੇ ਜਵਾਲਾ ਜੀ ਜਾ ਰਿਹਾ ਸੀ। ਇਹ ਕਥਨ ਵੀ ਗਲਤ ਲੱਗਦਾ ਹੈ ਕਿਉਕਿ ਅੱਗੇ ਖੁੱਦ ਹੀ ਖਡੂਰ ਪਰਤਣ ਦਾ ਜਿਕਰ ਕਰ ਦਿੰਦਾ ਹੈ। ਕਹਿਣ ਤੋਂ ਮਤਲਬ 1531-2 ਈ ਤੋਂ ਪਹਿਲਾਂ ਹੀ ਭਾਈ ਫੇਰੂ ਦਾ ਪ੍ਰਵਾਰ ਖਡੂਰ ਹਿਜਰਤ ਕਰ ਚੁੱਕਾ ਸੀ।

ਸੋਢੀ:2-66 ਨੇ ਵੀ ਭਾਈ ਲਹਿਣੇ ਦਾ ਭਵਨ ਜਾਣਾ ਹੀ ਲਿਖਿਆ ਹੈ। ਭਵਨ ਸਿਰਫ ਵੈਸ਼ਨੋ ਦੇਵੀ ਦੇ ਹੀ ਮੰਨੇ ਜਾਂਦੇ ਹਨ।

■ ਇਸ ਪੱਤਣ ਲਾਗੇ ਇਕ ਦੋ ਜਿਆਦਾ ਮੁਸਾਫਿਰ ਸਰਾਵਾਂ ਸਨ। ਡੇਰਾ ਬਾਬਾ ਨਾਨਕ ਤੋਂ 11 ਕਿ. ਮੀ. ਪੂਰਬ ਵਿਚ ਅੱਜ ਵੀ 'ਨਿੱਕੋ ਸਰਾਂ' ਨਾਂ ਦਾ ਪਿੰਡ ਮੌਜੂਦ ਹੈ। ਇਹ ਵੀ ਹੋ ਸਕਦਾ ਹੈ ਲਹਿਣੇ ਦਾ ਸੰਗ ਨਿੱਕੋ ਸਰਾਂ ਹੀ ਰਾਤ ਰੁਕਿਆ ਹੋਵੇ।

ਭਾਈ ਫੇਰੂ ਸਰਾਇ ਨਾਗਾ ਰਹਿੰਦਾ ਸੀ ਜਿਸਦਾ ਨਾਂ ਓਹਨੀ ਦਿਨੀ ਮੱਤੇ ਦੀ ਸਰਾਇ ਸੀ। ਇਸ ਸ਼ਹਿਰ ਤੋਂ ਕਨਿਸ਼ਕ ਕਲੀਨ ਮਿਲਦੀਆਂ ਇੱਟਾਂ ਤੋਂ ਪਤਾ ਲੱਗਦਾ ਹੈ ਕਿ ਪੁਰਾਣੇ ਸਮਿਆਂ 'ਚ ਇਹ ਮਸ਼ਹੂਰ ਸ਼ਹਿਰ ਸੀ ਅਤੇ ਬੁਧ ਧਰਮ ਦਾ ਕੋਈ ਕੇਂਦਰ। ਮੱਤੇ ਦੀ ਸਰਾਂ ਸੁਲਤਾਨ ਪੁਰ ਤੋਂ ਕੋਈ 90-95 ਕਿਲੋਮੀਟਰ ਹੈ।




ਚੁੱਕਾ ਸੀ ਇਹ ਦੇਵੀ ਦੇਵਤੇ ਸਭ ਅਕਾਲਪੁਰਖ ਨਿਰੰਕਾਰ ਦੇ ਕੀਤੇ ਹੋਏ ਨੇ।

ਬਹੁਤੇ ਸੰਗੀ ਵੀ ਇਥੇ ਹੀ ਰਹਿ ਜਾਂਦੇ ਨੇ ਪਰ ਕੁਝ ਇਕ ਆਪਣਾ ਸਫਰ ਜਾਰੀ ਰਖਦੇ ਨੇ।

ਲਹਿਣਾ ਗੁਰੂ ਨਾਨਕ ਦਾ ਹੀ ਹੋ ਕੇ ਰਹਿ ਗਇਆ।

-----◈-----

## ਚੋਣੀਏ ਤੂੰ ਕੀ ਸਮਝੇ ਇਹ ਚਿੱਕੜ ਹੈ ਕਿ ਕੇਸਰ?

1535/36ਈ. ਦੇ ਦਿਨਾਂ ਦੀ ਗਲ ਹੈ

ਹਫਤੇ ਕੁ ਬਾਦ ਦੇਵੀ ਦਾ ਸੰਗ ਪਹਾੜਾਂ ਤੋਂ ਪਰਤਦਾ ਹੈ। ਸੰਗੀ ਜੋਰ ਦਿੰਦੇ ਨੇ ਕਿ 'ਲਹਿਣੇ ਘਰ ਨੂੰ ਚਲ'। ਸੰਗੀਆਂ ਨੂੰ ਕੀ ਪਤਾ ਕਿ ਲਹਿਣਾ ਤਾਂ ਹੁਣ 'ਭਾਈ ਲਹਿਣਾ' ਬਣ ਚੁੱਕਾ ਹੈ। ਡੇਰੇ ਦੀਆਂ ਕਈ ਜਿੰਮੇਵਾਰੀਆਂ ਭਾਈ ਸਾਹਿਬ ਦੇ ਮੋਢਿਆਂ ਤੇ ਨੇ। ਭਾਈ ਸਾਹਿਬ ਨੂੰ ਕੰਮ ਯਾਦ ਆ ਜਾਂਦੇ ਨੇ ਜਿਹੜੇ ਉਸ ਨੇ ਅਗਲੇ ਦਿਨਾਂ ਵਿਚ ਕਰਨੇ ਨੇ। ਭਾਈ ਸਾਹਿਬ ਸੰਗੀਆਂ ਨੂੰ ਕਹਿ ਦਿੰਦੇ ਨੇ ਕਿ ਮੇਰੇ ਘਰ ਸੁਨੇਹਾ ਦੇ ਦੇਣਾਂ ਕਿ ਮੈਨੂੰ ਆਉਣ ਵਿਚ ਕੁਝ ਦਿਨ ਹੋਰ ਲੱਗ ਸਕਦੇ ਨੇ। ਸੰਗ ਵਾਪਸੀ ਤੇ ਅੱਗੇ ਰਵਾਨਾ ਹੋ ਜਾਂਦਾ ਹੈ।

ਤਿੰਨ ਸਾਲ ਬਾਦ ◘ ਸਨਮੁਖ ਸਿਧਾਰਣ ਜਾਂ ਭਾਈ ਪਦਾਰਥ ਜਾਂ ਭਾਈ ਬੁਢੇ ਵਰਗਾ ਕੋਈ ਹੋਰ ਸਿੱਖ ਜਦੋਂ ਡੇਰੇ ਵਿਚ ਹਾਜਰ ਹੋ ਜਾਂਦਾ ਹੈ ਤਾਂ ਭਾਈ ਸਾਹਿਬ ਗੁਰੂ ਸਾਹਿਬ ਕੋਲੋਂ ਖਡੂਰ ਜਾਣ ਦੀ ਛੁੱਟੀ ਮੰਗਦੇ ਹਨ। ਗੁਰੂ ਸਾਹਿਬ ਭਾਈ ਸਾਹਿਬ ਨੂੰ ਛੇਤੀ ਪਰਤ ਆਉਣ ਦੇ ਭਰੋਸੇ ਉਪਰੰਤ ਇਜਾਜਤ ਦੇ ਦਿੰਦੇ ਨੇ।

ਭਾਈ ਸਾਹਿਬ ਖਡੂਰ ਪਰਤਦੇ ਨੇ। ਮੁਕਾਮੀ ਗੁਰਸਿੱਖਾਂ ਨੂੰ ਚਾਅ ਚੜ੍ਹ ਜਾਂਦਾ ਹੈ ਕਿ ਓਨਾਂ ਦੇ ਨਗਰ ਦੇ ਭਾਈ ਲਹਿਣੇ ਨੂੰ ਗੁਰੂ ਨਾਨਕ ਦਾ ਥਾਪੜਾ ਹਾਸਲ ਹੋ ਚੁੱਕਾ ਹੈ। ਵਿਹਲੇ ਵੇਲੇ (ਅਕਸਰ ਤਿਰਕਾਲਾ ਵੇਲੇ) ਖਡੂਰ ਦੇ ਸਾਰੇ ਨਾਨਕ ਨਾਮ ਲੇਵਾ ਇਕੱਤਰ ਹੁੰਦੇ ਰਹਿੰਦੇ ਨੇ। ਇਕੱਠ ਹੌਲੀ ਹੌਲੀ ਵਧਦਾ ਹੀ ਜਾਂਦਾ ਹੈ। ਭਾਈ ਸਾਹਿਬ ਸੰਗਤਾਂ ਨੂੰ ਗੁਰਮਤ ਸਿਧਾਂਤ ਸਮਝਾਉਦੇ ਰਹਿੰਦੇ ਨੇ।

ਭਾਦਰੋਂ ਅੱਸੂ (ਜੁਲਾਈ/ਅਗਸਤ) ਦੇ ਦਿਨਾਂ ਵਿਚ ਜਾ ਕੇ ਫਿਰ ਭਾਈ ਸਾਹਿਬ ਕਰਤਾਰਪੁਰ ਪਰਤਦੇ ਨੇ। ਬੜੇ ਚਾਅ ਨਾਲ ਬੀਬੀ ਖੀਵੀ ਨੇ ਨਵਾਂ ਚਿੱਟਾ ਜੋੜਾ ਪਵਾ ਕੇ ਭੇਜਿਆ ਸੀ। ਜਿਵੇ ਭਾਈ ਸਾਹਿਬ ਕਰਤਾਰਪੁਰ ਦੀ ਹੱਦ ਵਿਚ ਗਏ ਤਾਂ ਪਤਾ ਲੱਗਾ ਕਿ ਗੁਰੂ ਸਾਹਿਬ ਧਾਈਆਂ ਵਿਚੋਂ ਨਦੀਨ ਕੱਢ ਰਹੇ ਨੇ। ਲਹਿਣਾ ਵੀ ਨਾਲ ਸ਼ੁਰੂ ਹੋ ਜਾਂਦਾ ਹੈ।

ਸ਼ਾਮੀ ਫਿਰ ਨਦੀਨ (ਪੱਠਿਆਂ) ਦੀ ਪੰਡ ਚੁੱਕ ਕੇ ਜਿਵੇ ਭਾਈ ਲਹਿਣਾ ਡੇਰੇ ਪਹੁੰਚਦਾ ਹੈ ਤਾਂ ਮਾਤਾ ਸੁਲੱਖਣੀ ਦੀ ਨਿਗਾਹ ਪੈ ਜਾਂਦੀ ਹੈ। ਭਾਈ ਸਾਹਿਬ ਦੇ ਚਿੱਟੇ ਕਪੜਿਆਂ ਤੇ ਭਰੀ ਵਿਚੋਂ ਚਿੱਕੜ ਚੋਅ ਰਿਹਾ ਹੁੰਦਾ ਹੈ। ਮਾਤਾ ਜੀ ਗੁਰੂ ਸਾਹਿਬ ਨੂੰ ਗੁੱਸੇ ਹੁੰਦੇ ਨੇ ਕਿ ਤੁਸੀ ਵੇਖਿਆ ਤਾਂ ਕਰੋ ਅਗਲਾ ਨਵੇ ਕਪੜੇ ਪਾ ਕੇ ਆ ਹੀ ਰਿਹਾ ਹੈ ਕਿ ਤੁਸੀ ਉਨੂੰ ਰਸਤੇ ਵਿਚ ਹੀ ਪੰਡ ਚੁੱਕਾ ਦਿੱਤੀ ਹੈ। ਚਿੱਟੇ ਕਪੜੇ ਤੋਂ ਇਹ ਦਾਗ ਨਹੀ ਨਿਕਲਣਾ।

ਗੁਰੂ ਸਾਹਿਬ ਨੇ ਮਾਤਾ ਨੂੰ ਕਿਹਾ ਕਿ ਚੋਣੀਏ ਤੈਨੂੰ ਕੀ ਪਤਾ ਕਿ ਇਹ ਚਿੱਕੜ ਹੈ ਕਿ ਕੇਸਰ? ਮਾਤਾ ਚੁੱਪ ਹੋ ਗਈ। ਹੌਲੀ ਜਿਹੀ ਗੁਰੂ ਸਾਹਿਬ ਨੇ ਕਿਹਾ ਚੋਣੀਏ ਇਹ ਭਰੀ ਨਹੀ ਇਹ ਤਾਂ ਲਹਿਣੇ ਸਿਰ ਛੱਤ੍ਰ ਹੈ ਤੇ ਦੂਸਰਾ ਇਹ ਚਿੱਕੜ ਨਹੀ ਕੇਸਰ ਪੈ ਰਿਹਾ ਹੈ।

ਗੁਰੂ ਸਾਹਿਬ ਨੇ ਸ਼ਬਦ ਬੋਲਿਆ:-

ਪ੍ਰਭਾਤੀ ਮਹਲਾ ੧ ॥ ਇਕਿ ਧੁਰਿ ਬਖਸਿ ਲਏ ਗੁਰਿ ਪੂਰੈ ਸਚੀ ਬਣਤ ਬਣਾਈ ॥ ਹਰਿ ਰੰਗ ਰਾਤੇ ਸਦਾ ਰੰਗੁ ਸਾਚਾ ਦੁਖ ਬਿਸਰੇ ਪਤਿ ਪਾਈ ॥੧॥ ਝੂਠੀ ਦੁਰਮਤਿ ਕੀ ਚਤੁਰਾਈ ॥ ਬਿਨਸਤ ਬਾਰ ਨ ਲਾਗੈ ਕਾਈ ॥੧॥ ਰਹਾਉ ॥ ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ ॥ ਸੁਖ ਦੁਖ ਦਾਤਾ ਗੁਰਮੁਖਿ ਜਾਤਾ ਮੇਲਿ ਲਏ ਸਰਣਾਈ ॥੨॥ ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ ॥ ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੇ ॥੩॥ ਭੂਖ ਪਿਆਸਾ ਜਗੁ ਭਇਆ ਤਿਪਤਿ ਨਹੀ ਬਿਨੁ ਸਤਿਗੁਰ ਪਾਏ ॥ ਸਹਜੈ ਸਹਜੁ ਮਿਲੈ ਸੁਖੁ ਪਾਈਐ ਦਰਗਹ ਪੈਧਾ ਜਾਏ ॥੪॥ ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ ॥ ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ ॥੫॥ ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ ॥ ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ ॥੬॥ ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥ ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥੭॥ ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ ॥ ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ ॥੮॥

ਭਾਈ ਸਾਹਿਬ ਭਰੀ ਟੋਕੇ ਅੱਗੇ ਸੁੱਟ ਆ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਏ, "ਗੁਰੂ ਜੀ ਹਉਮੇ ਤੋਂ ਬਚਾ ਲਈ। ਤੇਰੇ ਚਰਨ ਪਰਸਦਾ ਹੀ ਰਹਾਂ।"

ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਫਿਰ ਗਲ ਲਾਇਆ, "ਨਹੀ ਪੁਰਖਾ! ਗਿਆਨੀ ਨੂੰ ਹਉਮੈ ਰੋਗ ਨਹੀ ਪੋਹਦਾ।"

-----◈-----

## ਬਾਬੇ ਨੂੰ ਘਰ ਆਇਆ ਵੇਖ, ਮੂਲਾ ਗਹੀਰੇ ਵਿਚ ਲੁਕ ਗਿਆ +

ਸਿਆਲਕੋਟ ਦੇ ਮੂਲ ਰਾਜ ਨਾਂ ਦੇ ਬਾਣੀਏ ਦੀ ਰੂਹਾਨੀਅਤ ਵਿਚ ਵੱਡੀ ਦਿਲਚਸਪੀ ਸੀ, (ਵੇਖੋ ਹਮਜ਼ਾ ਗੌਸ ਵਾਲੀ ਸਾਖੀ)। ਮੂਲੇ ਦੀ ਗੁਰੂ ਸਾਹਿਬ ਨਾਲ ਨੇੜਤਾ ਹੋਰ ਵੀ ਵਧ ਗਈ ਸੀ।

ਫਿਰ ਮੂਲਾ ਆਪਣਾ ਘਰ ਬਾਰ ਤਿਆਗ, ਆਪਣੀ ਹੱਟੀ ਦੀ ਪ੍ਰਵਾਹ ਕੀਤੇ ਬਿਨਾਂ ਗੁਰੂ ਸਾਹਿਬ ਨਾਲ ਆ ਰਲਿਆ। ਜਿੱਦ ਕੀਤੀ ਕਿ ਮੈਨੂੰ ਵੀ ਉਦਾਸੀ ਵੇਲੇ ਆਪਣੇ ਨਾਲ ਰੱਖੋ। ਇਹ ਜੰਮੂ, ਭਦਰਵਾਹ, ਚੰਬਾ ਉਦਾਸੀ ਦਾ ਮੌਕਾ ਸੀ। ਮੂਲੇ ਨੇ ਲਿਬਾਸ ਵੀ ਫਕੀਰਾਂ ਵਾਲਾ ਪਾ ਲਿਆ ਸੀ।

ਗੁਰੂ ਸਾਹਿਬ ਸਿਆਲਕੋਟ ਤੋਂ ਉਪਰ ਦੇ ਨੇੜੇ ਤੇੜੇ ਘੁੰਮਦੇ ਘੁੰਮਾਂਦੇ ਜਦੋਂ 20- 25 ਦਿਨਾਂ ਬਾਦ ਜੰਮੂ ਤੋਂ ਉਤਲੇ ਇਲਾਕੇ ਵੇਖ ਰਹੇ ਸਨ ਤਾਂ ਓਦੋ ਤੱਕ ਮੂਲੇ ਦਾ ਮੰਨ ਉਦਾਸੀ ਤੋਂ ਅੱਕ ਗਿਆ ਸੀ। ਹਾਰ ਕੇ ਇਕ ਦਿਨ ਗੁਰੂ ਸਾਹਿਬ ਅੱਗੇ ਰੋ ਪਿਆ ਕਿ ਬਾਬਾ ਜੀ ਮੈਂ ਨਹੀ ਇਹ ਕਠਿਨ ਉਦਾਸੀ ਜਾਰੀ ਰੱਖ ਸਕਦਾ। ਭਾਈ ਮਰਦਾਨੇ ਨੇ ਮੂਲੇ ਦਾ ਇਸ ਗਲ ਤੇ ਮਖੌਲ ਵੀ



ਮੂਲੋ ਰਾਣੀ ਬੋਲੀ, "ਬਾਬਾ ਜੀ ਉਹ ਤਾਂ ਘਰ ਹੈਨੀਗੇ। ਤੁਸੀ ਫਿਰ ਕਿਸੇ ਵੇਲੇ ਆ ਜਾਇਓ"। (ਬੀ:40 ਤਸਵੀਰ। ਇਥੇ ਫਿਰ ਭਾਈ ਮਰਦਾਨੇ ਨੂੰ ਗਲਤੀ ਨਾਲ ਦਿਖਾਇਆ ਗਇਆ ਹੈ।

ਉਡਾਇਆ ਕਿ ਇਹਨੂੰ ਵਹੁਟੀ ਦੀ ਯਾਦ ਆ ਰਹੀ ਹੈ। ਪਰ ਗੁਰੂ ਸਾਹਿਬ ਨੇ ਮੂਲੇ ਨੂੰ ਥਾਪੀ ਦਿੱਤੀ ਤੇ ਲਹੌਰ ਵਲ ਜਾ ਰਹੇ ਕਾਫਲੇ ਨਾਲ ਮੂਲੇ ਨੂੰ ਵਾਪਸ ਭੇਜ ਦਿੱਤਾ।

ਚੌਥੀ ਉਦਾਸੀ ਤੋਂ ਵਾਪਸ ਪਰਤ ਜਦੋਂ ਗੁਰੂ ਸਾਹਿਬ ਨੂੰ ਕਰਤਾਰਪੁਰ ਰਹਿੰਦਿਆ ਕੋਈ ਸਾਲ ਛੇ ਮਹੀਨੇ ਹੋ ਗਏ ਸਨ ਤਾਂ ਸਾਹਿਬ ਦਾ ਮਨ ਸਿਆਲਕੋਟ ਦੇ ਇਲਾਕੇ ਦਾ ਦੌਰਾ ਕਰਨ ਦਾ ਹੋਇਆ। ਐਤਕਾਂ ਮਰਦਾਨਾ ਨਾਲ ਨਹੀ ਸੀ। ਭਾਈ ਲਹਿਣਾ ਪਿੱਛੇ ਕਰਤਾਰ ਪੁਰ ਸਾਹਿਬ ਦਾ ਇੰਤਜਾਮ ਵੇਖ ਰਿਹਾ ਸੀ। ਗੁਰੂ ਸਾਹਿਬ ਨਾਲ ਇਕ ਦੋ ਹੋਰ ਸਿੱਖ ਸਨ।

ਗੁਰੂ ਸਾਹਿਬ ਨੇ ਫਿਰ ਸਾਧੂ ਫਕੀਰਾਂ ਵਾਲਾ ਲਿਬਾਸ ਪਾਇਆ ਸੀ। ਪਹਿਰਾਵਾ ਵੀ ਅਜਿਹਾ ਕਿ ਕੋਈ ਪਛਾਣ ਨਾਂ ਸਕੇ ਕਿ ਇਹ ਹਿੰਦੂ ਸੰਨਿਆਸੀ ਕਿ ਮੁਸਲਮਾਨ ਫਕੀਰ। ਇਕ ਪੈਰ ਵਿਚ ਲਕੜ ਦੀ ਖੜਾਂ ਤੇ ਦੂਸਰੇ ਪੈਰ ਵਿਚ ਚੰਮ ਦੀ ਜੁੱਤੀ (ਖੋਸਾ ਜਾਂ ਕਾਉਂਸ) ਤੇੜ ਨੀਲੇ ਰੰਗ ਦਾ ਪਜਾਮਾ ਤੇ ਉੱਤੇ ਭਗਵੇ ਰੰਗ ਦੀ ਚਾਦਰ। ਸਿਰ ਦੇ ਵਾਲਾਂ ਤੇ ਉੱਚਾ ਟੋਪ ਪਾ ਲਿਆ ਤੇ ਨਾਲੇ ਮੱਥੇ ਤਿਲਕ ਵੀ ਲਾ ਲਿਆ। ਲੱਗਾ ਲੋਕਾਈ ਨੂੰ ਨਾਮ ਦਾਨ ਇਸ਼ਨਾਨ ਦਾ ਸਿਧਾਂਤ ਦ੍ਰਿੜਾਵਨ।

ਇਕ ਦਿਨ ਤਰਕਾਲਾਂ ਜਿਹੇ ਦਾ ਵੇਲਾ ਸੀ ਕਿ ਗੁਰੂ ਸਾਹਿਬ ਸਾਥੀਆਂ ਨੂੰ ਕਹਿਣ ਲੱਗੇ ਚਲੋ ਅੱਜ ਆਪਣੇ ਬੇਲੀ ਮੂਲੇ ਦੇ ਘਰ ਹੀ ਰਾਤ ਗੁਜਾਰਦੇ ਹਾਂ।

ਮੂਲੇ ਦੇ ਘਰ ਪਹੁੰਚ ਜਿਵੇ ਦਰਵਾਜਾ ਖੜਕਾਇਆ ਤਾਂ ਅੰਦਰੋ ਮੂਲੇ ਦੀ ਜੋਰੂ ਨੇ ਝੀਤ ਥਾਂਣੀ ਬਾਹਰ ਝਾਕਿਆਂ ਤਾਂ ਮੁੜਦੇ ਪੈਰੀ ਅੰਦਰ ਆ ਕੇ ਮੂਲੇ ਨੂੰ ਕਹਿਣ ਲੱਗੀ, "ਉਹ ਤੇਰਾ ਨਾਨਕ ਫਿਰ ਆ ਗਇਆ ਈ। ਐਤਕਾਂ ਤਾਂ ਜਿਆਦਾ ਹੀ ਫਟੇ ਹਾਲ ਲੱਗ ਰਿਹਾ ਹੈ। ਕੋਈ ਵੱਗਾਰ ਪਾਉਗਾ, ਤੂੰ ਕਿਤੇ ਲੁਕ ਜਾ।"

ਮੂਲਾ ਝੱਟ ਪਾਥੀਆਂ ਵਾਲੇ ਗਹੀਰੇ ਵਿਚ ਜਾ ਵੜਿਆ।

ਮੂਲਾ-ਰਾਣੀ ਨੇ ਫਿਰ ਆ ਦਰਵਾਜਾ ਖੋਲਿਆ ਤੇ ਗੁਰੂ ਸਾਹਿਬ ਨੂੰ ਕਹਿਣ ਲੱਗੀ "ਜੀ ਉਹ ( ਮੂਲਾ) ਤਾਂ ਐਸ ਵੇਲੇ ਘਰ ਨਹੀ। ਮੂਲੇ-ਰਾਣੀ ਨੇ ਨਾਂ ਹੀ ਕੋਈ 'ਆਓ, ਬੈਠੋ, ਰੋਟੀ ਪਾਣੀ' ਪੁੱਛਿਆ।

ਗੁਰੂ ਸਾਹਿਬ ਸਹਿਜ ਸੁਭਾਆ ਬੋਲ ਉਠੇ - "**ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥ ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥੨੧॥**

ਗੁਰੂ ਸਾਹਿਬ ਵਾਪਸ ਪੀਰ ਦੇ ਕੋਲ ਆ ਗਏ।

ਇਕ ਅੱਧੇ ਪਹਿਰ ਬਾਦ ਸਿੱਖ ਕੀ ਵੇਖਦੇ ਹਨ ਕਿ ਮੂਲੇ ਨੂੰ ਮੰਜੇ ਤੇ ਪਾਇਆ ਹੋਇਆ, ਮੂਲੇ ਦੇ ਸਾਕ ਸਬੰਧੀ ਆ ਗੁਰੂ ਸਾਹਿਬ ਕੋਲ ਅਰਜ ਗੁਜਾਰੀ, "ਬਾਬਾ ਜੀ ਆਪਣੇ ਸੇਵਕ ਨੂੰ ਬਚਾ ਲਓ!"

ਸ਼ਰਮਿੰਦਾ ਹੋਇਆ ਮੂਲੇ ਦਾ ਟੱਬਰ ਮੂੰਹ ਲੁਕਾ ਕੇ ਰੋ ਰਿਹਾ ਸੀ। ਸਾਕ ਸਬੰਧੀਆਂ ਅਤੇ ਮੁਹੱਲੇ ਦੇ ਮੋਹਤਬਰ ਸੱਜਣਾਂ ਗੁਰੂ ਸਾਹਿਬ ਦਾ ਵਾਸਤਾ ਪਾਇਆ ਕਿ ਮੂਲੇ ਤੇ ਤਰਸ ਕਰਦੇ ਹੋਏ ਇਹਦੀ ਜਾਨ ਬਚਾ ਲਈ ਜਾਏ। ਓਨਾਂ ਇਕਬਾਲ ਕੀਤਾ ਕਿ ਗੁਰੂ ਜੀ ਜਦੋਂ ਤੁਸੀ ਮੂਲੇ ਦੇ ਘਰ ਗਏ ਤਾਂ ਇਹਦੀ ਘਰਵਾਲੀ ਨੇ ਤੁਹਾਡੇ ਅੱਗੇ ਝੂਠ ਬੋਲਿਆ ਸੀ ਕਿ ਮੂਲਾ ਘਰ ਨਹੀ ਹੈ। ਦਰ ਅਸਲ ਮੂਲਾ ਘਰੇ ਹੀ ਸੀ ਤੇ ਤੁਹਾਡੇ ਆਉਣ ਤੇ ਗਹੀਰੇ ਵਿਚ ਲੁਕ ਗਇਆ ਸੀ ਤੇ ਪਾਥੀਆਂ ਵਿਚੋਂ ਨਿਕਲ ਕੇ ਇਕ ਫਨੀਆਰ ਸੱਪ ਨੇ ਇਸ ਨੂੰ ਡੱਸ ਲਿਆ ਹੈ। ਗੁਰੂ ਸਾਹਿਬ ਤਕ ਪਹੁੰਚਣ ਤਕ ਜ਼ਹਿਰ ਪੂਰਾ ਅਸਰ ਕਰ ਚੁੱਕਾ ਸੀ। ਮੂਲੇ ਵਿਚੋਂ ਸਾਹ ਪ੍ਰਾਣ ਜਾ ਚੁੱਕੇ ਸਨ।

ਗੁਰੂ ਸਾਹਿਬ ਨੇ ਸਿਰ ਫੇਰ ਦਿੱਤਾ ਤੇ ਪ੍ਰਵਾਰ ਨੂੰ ਭਾਣੇ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਨੇ ਫਿਰ ਵੀ ਮੂਲੇ ਦੇ ਸਿਰ ਤੇ ਹੱਥ ਫੇਰਿਆ ਤੇ ਅਸੀਸ ਦਿੱਤੀ ਕਿ "ਨਿਰੰਕਾਰ ਤੇਰੀ 84 ਕੱਟ ਕੇ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇਗਾ। ਤੇਰੇ ਸਭ ਗੁਨਾਹ ਮਾਫ ਕਰੇਗਾ।" ਪ੍ਰਵਾਰ ਨੂੰ ਵੀ ਹੌਸਲਾ ਦਿੱਤਾ ਕਿ ਕੋਈ ਪਛਤਾਪ ਨਹੀ ਕਰਨਾਂ ਜੋ ਹੋਇਆ ਅਕਾਲ ਪੁਰਖ ਦੇ ਹੁਕਮ ਵਿਚ ਹੋਇਆ ਹੈ।

-----◈-----

ਪੈੜ ਸਫਾ

◘ ਬ:40-93 ਅਨੁਸਾਰ ਇਹ ਵਾਕਿਆ 1539 ਈ. ਦਾ ਹੀ ਹੈ।, ◘ ਸੋਢੀ:2-67

✚ਗਹੀਰਾ ਜਾਂ ਗਹਾਰਾ ਗੋਹੇ ਦੀਆਂ ਪਾਥੀਆਂ ਦਾ ਮੂਸਲ ਜਾਂ ਕੁੱਪ

## ਬਾਬਾ ਜੀ ਮੁਕਤੀ ਦਾ ਰਾਹ ਕਿਹੜਾ ਹੈ – ਸਾਧੂਆਂ ਪੁੱਛਿਆ

ਕਰਤਾਰਪੁਰ

ਇਕ ਦਿਨ ਸੰਨਿਆਸੀ ਸਾਧੂਆਂ ਦੀ ਡਾਰ ਫਿਰ ਕਰਤਾਰਪੁਰ ਆ ਉਤਰੀ। ਗੁਰੂ ਸਾਹਿਬ ਨੇ ਸੇਵਾਦਾਰਾਂ ਨੂੰ ਪਹਿਲਾਂ ਹੀ ਹੁਕਮ ਕੀਤਾ ਹੋਇਆ ਸੀ ਕਿ ਆਏ ਸਾਧੂਆਂ ਨੂੰ ਇਛਾ ਅਨੁਸਾਰ ਇਸਨਾਨ ਕਰਾਉਣ ਤੋਂ ਬਾਦ ਲੰਗਰ ਪਾਣੀ ਛਕਾਇਆ ਜਾਏ ਤੇ ਇਨਾਂ ਦੇ ਅਰਾਮ ਕਰਨ ਦਾ ਪ੍ਰਬੰਧ ਕੀਤਾ ਜਾਵੇ।

ਦਰ ਅਸਲ ਸੇਵਾਦਾਰਾਂ ਨੇ ਵੇਖਿਆ ਸੀ ਕਿ ਹਰ ਵਾਰੀ ਸਾਧੂਆਂ ਨੂੰ ਵੇਖ ਗੁਰੂ ਸਾਹਿਬ ਦਾ ਹਿਰਦਾ ਬੜਾ ਖੁੱਸ਼ ਹੁੰਦਾ ਸੀ। ਫਿਰ ਸੇਵਾਦਾਰਾਂ ਪੁੱਛ ਲਿਆ ਕਿ ਬਾਬਾ ਜੀ ਤੁਸੀ ਊਚ ਨੀਚ ਗਰੀਬ ਅਮੀਰ ਸਭ ਨੂੰ ਇਕ ਨਜਰ ਨਾਲ ਵੇਖਦੇ ਹੋ ਪਰ ਸਾਧੂਆਂ ਨੂੰ ਵੇਖ ਤੁਹਾਨੂੰ ਕਿਓ ਚਾਅ ਚੜ੍ਹ ਜਾਂਦਾ ਹੈ।

ਗੁਰੂ ਸਾਹਿਬ ਨੇ ਸੇਵਾਦਾਰ ਨੂੰ ਸਮਝਾਇਆ ਕਿ ਵੇਖੋ ਸਾਧੂ ਲੋਕ ਚਾਹੇ ਠੀਕ ਮਾਰਗ ਤੇ ਹਨ ਜਾਂ ਗਲਤ ਤੇ ਇਨਾਂ ਨੇ ਆਪਣਾ ਜੀਵਨ ਨਿਰੰਕਾਰ ਦੀ ਖੋਜ ਤੇ ਲਾਇਆ ਹੈ। ਘਰ ਘਾਟ ਰਿਸ਼ਤੇ ਨਾਤੇ ਸਭ ਤਿਆਗੇ ਹਨ। ਇਨ੍ਹਾਂ ਨਾਲ ਮੇਰੀ ਹਮਦਰਦੀ ਜਿਆਦਾ ਹੈ । ਵੇਖੋ ਨਾਂ ਇਥੇ ਕਰਤਾਰਪੁਰ ਵਿਖੇ ਲੋਕਾਂ ਦੀ ਕਿੰਨੀ ਭੀੜ ਲੱਗੀ ਰਹਿੰਦੀ ਹੈ। ਕੋਈ ਇਥੇ ਮੁੰਡੇ ਲੱਭਦਾ ਹੈ, ਕੋਈ ਰਿਜਕ ਲੱਭਦਾ ਹੈ, ਕੋਈ ਦੁੱਧ ਤੇ ਪੁੱਤ ਦੋਵੇ ਮੰਗਦਾ ਹੈ, ਕੋਈ ਰੋਗ ਤੋਂ ਛੁਟਕਾਰਾ ਚਾਹੁੰਦਾ ਹੈ, ਕੋਈ ਕਹਿੰਦਾ ਮੈਂ ਗਰੀਬੀ ਤੋਂ ਬਹੁਤ ਤੰਗ ਹਾਂ। ਪਰ ਇਕ ਸਾਧੂ ਲੋਕ ਨੇ ਜਿਹੜੇ ਜੀਵਨ ਦੇ ਸੱਚ ਦੀ ਖੋਜ ਵਿਚ ਨੇ। ਗੁਰੂ ਸਾਹਿਬ ਨੇ ਹਮਦਰਦੀ ਜਿਤਾਈ ਕਿ ਵਿਚਾਰੇ ਸਾਧੂ ਕਈ ਅਜਿਹੇ ਸੰਪਰਦਾਵਾਂ ਵਿਚ ਵੀ ਨੇ ਜਿੱਥੇ ਨਿਰੰਕਾਰ ਅਕਾਲ ਪੁਰਖ ਬਾਰੇ ਬੜੇ ਭੁਲੇਖੇ ਨੇ। ਅਨੇਕਾਂ ਮੜੀਆਂ, ਮਸਾਣਾਂ, ਯੋਨੀ, ਪੱਥਰ ਆਦਿ ਨੂੰ ਪੂਜੀ ਜਾ ਰਹੇ ਨੇ। ਕਈ ਸਮਝਦੇ ਹਨ ਕਿ ਸਰੀਰ ਨੂੰ ਕਸ਼ਟ ਦੇਣ ਨਾਲ ਮੁਕਤੀ ਮਿਲਦੀ ਹੈ।

ਅਰਾਮ ਕਰਨ ਉਪਰੰਤ ਸਾਧੂਆਂ ਨੇ ਦੀਵਾਨ ਵਿਚ ਹਾਜਰੀ ਭਰੀ। ਓਥੇ ਜਗਿਆਸੂ ਗੁਰੂ ਸਾਹਿਬ ਨੂੰ ਤਰਾਂ ਤਰਾਂ ਦੇ ਸਵਾਲ ਕਰਦੇ ਤੇ ਗੁਰੂ ਸਾਹਿਬ ਬਖਸ਼ਸ਼ਾਂ ਦੇ ਮੀਂਹ ਵਰਾਉਂਦੇ। ਆਏ ਸਾਧੂਆਂ ਨੇ ਵੀ ਫਿਰ 'ਜੀਵਨ ਦਾ ਸਭ ਤੋਂ ਵੱਡਾ ਸਵਾਲ' ਕਰ ਦਿੱਤਾ। ਇਕ ਸਾਧੂ ਉਠਿਆ ਤੇ ਅਰਜ ਕੀਤੀ ਕਿ ਗੁਰੂ ਸਾਹਿਬ ਜੀ ਅਸੀ ਸੁਣਿਐ ਕਿ ਤੁਸੀ ਵੱਖਰਾ ਹੀ ਰਾਹ ਚਲਾ ਰਹੇ ਹੋ। ਕਿਰਪਾ ਕਰਕੇ ਦੱਸੋ ਕਿ ਤੁਹਾਡੀ ਵਿਚਾਰਧਾਰਾ ਅਨੁਸਾਰ ਮੁਕਤੀ ਦਾ ਸਾਧਨ ਕੀ ਹੈ?

ਗੁਰੂ ਸਾਹਿਬ ਨੇ ਬੜੀ ਹੀ ਹਲੀਮੀ ਨਾਲ ਜਵਾਬ ਦਿੱਤਾ ਕਿ ਗੁਰਮਤ ਅਨੁਸਾਰ ਮੁਕਤੀ ਦਾ ਰਾਹ ਕੋਈ ਗੁੰਜਲਦਾਰ ਝੰਮੇਲਾ ਨਹੀ ਹੈ। ਅਸੀ ਮਰਨ ਤੋਂ ਬਾਦ ਮੁਕਤੀ ਦੀ ਗਲ ਨਹੀ ਕਰਦੇ । ਬਸ ਅਸੀ ਇਹ ਦੱਸਦੇ ਹਾਂ ਕਿ ਜੀਂਦੇ ਜੀ ਮੁਕਤ ਕਿਵੇ ਹੋਣਾ ਹੈ: ਦੁੱਖਾਂ ਤਕਲੀਫਾਂ ਤੋਂ ਸੁਰਖਰੂ ਹੋਣਾ। ਰਾਹ ਵੀ ਬੜਾ ਹੀ ਸਿੱਧਾ ਪੱਧਰਾ ਹੈ ਕਿ ਬਸ ਆਪਣੀ ਹਉਮੈ ਛੱਡ ਦਿਓ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਅਜਾਦੀ ਹਾਸਲ ਕਰ ਲਵੋ।

ਸਾਧੂ ਅੱਗੋ ਹੱਸ ਪਿਆ, "ਯਹ ਮੁਸ਼ਕਲ ਹੀ ਨਹੀ, ਅਸੰਭਵ ਹੈ।"

ਗੁਰੂ ਸਾਹਿਬ ਨੇ ਕਿਹਾ ਕਿ ਇਸ ਤੋਂ ਛੁੱਟਕਾਰਾ ਗਿਆਨ ਨਾਲ ਮਿਲਦਾ ਹੈ। ਜਰੂਰੀ ਨਹੀ ਕਿ ਹਉਮੈ ਕਿਸੇ ਭੇਖ ਵਿਚ ਆ ਘਟੇ। ਗੁਰੂ ਦਾ ਸ਼ਬਦ ਇਸ ਵਿਚ ਸਹਾਈ ਹੁੰਦਾ ਹੈ। ਬਸ ਨਾਮ ਜਪੋ ਭਾਵ ਮਾਲਕ ਦੇ ਗੁਣ ਗਾਏ। ਜਿੰਨਾਂ ਚਿਰ ਬੰਦੇ ਦੀ ਹਉਮੈ ਨਹੀ ਮੁਕਦੀ ਉਹ ਮੁਕਤੀ ਮਾਰਗ ਨਹੀ ਪਾ ਸਕਦਾ। ਉਨੂੰ ਮੌਤ ਦੇ ਭੈਅ ਤੋਂ ਅਜਾਦ ਹੋਣਾ ਪਵੇਗਾ। ਉਨੂੰ ਜੀਵਨ ਦੀ ਸੱਚਾਈ ਸਮਝਣੀ ਪਵੇਗੀ।

ਸਾਧੂ ਧੰਨ ਧੰਨ ਬੋਲ ਉਠੇ।

ਗੁਰੂ ਸਾਹਿਬ ਗਉੜੀ ਵਿਚ ਸ਼ਬਦ ਉਚਾਰਿਆ ਤੇ ਸੰਗਤ ਨਾਲ ਰਲ ਗਾਇਆ:-

ਗਉੜੀ ਮਹਲਾ ੧ ॥ ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥ ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥ ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥ ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥ ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥ ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥ ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥ ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥ ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥

-----◈-----

## ਜਦੋਂ ਵੱਗ ਨੂੰ ਹਿੱਕਦੇ ਪਾਲੀ ਨੂੰ ਵੇਖ ਹੀ ਗੁਰੂ ਸਾਹਿਬ ਵਿਸਮਾਦ ਵਿਚ ਆ ਗਏ।

ਗੁਰਦਾਸਪੁਰ ਅੰਮ੍ਰਿਤਸਰ ਜਿਲੇ ਦੇ ਕਸਬਿਆਂ ਦੌਰਾਂਗਲਾ, ਕਲਾਨੌਰ, ਡੇਰਾ ਬਾਬਾ ਨਾਨਕ, ਰਮਦਾਸ, ਅਜਨਾਲਾ ਦੇ ਲਾਗਿਓਂ ਕਿਰਨ ਜਾਂ ਸੱਕੀ ਨਾਲਾ ਜਾਂਦਾ ਹੈ ਤੇ ਨਾਲ ਨਾਲ ਹੀ ਕੱਲਰ ਬੰਜਰ ਜਮੀਨ ਦੀ 2-3 ਕਿ. ਮੀ ਚੌੜੀ ਪੱਟੀ ਚਲਦੀ ਹੈ ਜੋ ਲਗਾਤਾਰ ਪਾਕਿਸਤਾਨੀ ਇਲਾਕੇ ਵਿਚ ਨਨਕਾਣਾ ਸਾਹਿਬ ਤੋਂ ਵੀ ਅੱਗੇ ਨਿਕਲ ਜਾਂਦੀ ਹੈ। ਇਸ ਸ਼ੋਰ-ਕੱਲਰ ਪੱਟੀ ਵਿਚ ਸਿਰਫ ਦੱਬ ਨਾਂ ਦਾ ਘਾਹ ਹੀ ਪੈਦਾ ਹੁੰਦਾ ਸੀ। (ਉਂਜ ਅੱਜ ਕਲ ਰਸਾਇਣਕ ਦਵਾਈਆਂ ਪਾ ਕੇ ਇਸ ਕੱਲਰ ਭੂਮੀ ਨੂੰ ਉਪਜਾਊ ਬਣਾ ਲਿਆ ਗਇਆ ਹੈ) ਇਸ ਬੇਅਬਾਦ ਜਮੀਨ ਨੂੰ ਸਿਰਫ ਚਰਾਂਦ ਦੇ ਤੌਰ ਤੇ ਹੀ ਵਰਤਿਆ ਜਾਂਦਾ ਸੀ। ਇਸ ਦੀ ਮੌਜੂਦਗੀ ਕਰਕੇ ਫਿਰ ਕਈ ਅਮੀਰ ਲੋਕਾਂ ਨੇ ਮੱਝਾਂ ਗਾਵਾਂ ਦੇ ਵੱਡੇ ਵੱਡੇ ਵੱਗ ਰੱਖੇ ਹੁੰਦੇ ਸਨ। ਸਾਡੇ ਕਲਾਨੌਰ ਵਿਚ ਹੁਣ ਤੋਂ ਕੋਈ 40-50 ਵਰੇ ਪਹਿਲਾਂ ਤੱਕ ਇਹ ਵੱਗ ਜਿੰਨਾਂ ਨੂੰ ਚੌਣੇ ਕਹਿੰਦੇ ਹਨ ਮੌਜੂਦ ਸਨ।

ਏਸੇ ਤਰਾਂ ਗੁਰੂ ਸਾਹਿਬ ਦੇ ਵੇਲਿਆਂ 'ਚ ਠੇਠਰਕੇ/ਧਰਮਕੋਟ ਰੰਧਾਵਾ ਦੇ ਕਿਸੇ ਜਗੀਰਦਾਰ ਦੇ ਚੌਣੇ ਵਿਚ ਹਜਾਰਾਂ ਗਾਈਆਂ ਸਨ। ਇਕ ਵੇਰਾਂ ਕਰਤਾਰਪੁਰ ਸਾਹਿਬ ਵਲ ਜਦੋਂ ਗੁਰੂ ਸਾਹਿਬ ਪਰਤ ਰਹੇ ਸਨ ਤਾਂ ਰਸਤੇ ਵਿਚ ਗਾਈਆਂ ਦਾ ਇਹ ਵੱਗ ਗੁਰੂ

ਸਾਹਿਬ ਨੇ ਵੇਖ ਲਿਆ ਜਿਸ ਨੂੰ ਸਿਰਫ ਇਕ ਪਾਲੀ ਸੰਭਾਲ ਰਿਹਾ ਸੀ। ਪਾਲੀ ਉਨਾਂ ਨੂੰ ਇਕੱਠੀਆਂ ਕਰਕੇ ਦਰਿਆ ਤੇ ਲੈ ਕੇ ਜਾਂਦਾ ਹੈ। ਪਾਣੀ ਡਾਹੁੰਦਾ ਹੈ। ਬਘਿਆੜ ਜਿਹੇ ਸ਼ਿਕਾਰੀਆਂ ਤੋਂ ਗਾਈਆਂ ਨੂੰ ਬਚਾ ਕੇ ਰੱਖਦਾ ਹੈ। ਕਦੀ ਕੋਈ ਗੁਸਤਾਖ ਗਾਈ ਪਾਲੀ ਨੂੰ ਮਾਰਨ ਵੀ ਆਉਦੀ ਹੈ। ਉਨੂੰ ਡੰਡੇ ਪੈਂਦੇ ਹਨ। ਕੋਈ ਮਸਤ ਹੋਇਆ ਵੈਹੜਾ ਵੱਗ 'ਚ ਬਾਹਰ ਦੌੜ ਜਾਂਦਾ ਤੇ ਸ਼ਿਕਾਰੀਆਂ ਦੇ ਵੱਸ ਪੈਂਦਾ ਹੈ।

ਇਹ ਵੇਖ ਗੁਰੂ ਸਾਹਿਬ ਨੂੰ ਪਾਲਣਹਾਰ ਕਰਤਾਰ ਦਾ ਧਿਆਨ ਆ ਜਾਂਦਾ ਹੈ। ਕਿਵੇ ਉਹ ਸਾਨੂੰ ਸਾਰੇ ਜੀਵਾਂ ਨੂੰ ਪਾਲ ਰਿਹਾ ਹੈ। ਅਸੀ ਉਹਦੀਆਂ ਗਾਈਆਂ ਤੇ ਉਹ ਸਾਡਾ ਪਾਲੀ। ਪਰ ਅਸੀ ਗੁਸਤਾਖ ਮੂਰਖ ਲੋਕ ਉਹਦੀ ਰਜਾ ਭੰਨ ਕੇ ਆਪ ਮੁਹਾਰੇ ਹੋ ਚਲਦੇ ਤੇ ਦੁਖ ਪਾਉਦੇ ਹਾਂ। ਬਾਬਾ ਉਥੇ ਹੀ ਵਿਸਮਾਦਿਤ ਹੋ ਉਠਦਾ ਹੈ। ਫਿਰ ਵੈਰਾਗਮਈ ਸ਼ਬਦ ਗਉੜੀ ਰਾਗ ਵਿਚ ਰਚਦਾ ਹੈ। ਸ਼ਬਦ ਫਿਰ ਭਰੇ ਦੀਵਾਨ ਧਰਮਸਾਲ ਵਿਚ ਸੰਗਤ ਦੀ ਸ਼ਮੂਲੀਅਤ ਨਾਲ ਗੁਰੂ ਸਾਹਿਬ ਗਾਉਦੇ ਨੇ।

ਗਉੜੀ ਬੈਰਾਗਣਿ ਮਹਲਾ ੧ ੧ੴ ਸਤਿਗੁਰ ਪ੍ਰਸਾਦਿ ॥

ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ ॥ ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ ॥੧॥ ਇਤ ਉਤ ਰਾਖਹੁ ਦੀਨ ਦਇਆਲਾ ॥ ਤਉ ਸਰਣਾਗਤਿ ਨਦਰਿ ਨਿਹਾਲਾ ॥੧॥ ਰਹਾਉ ॥ ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ ॥ ਤੂੰ ਦਾਤਾ ਭੁਗਤਾ ਤੂੰਹੈ ਤੂੰ ਪ੍ਰਾਣ ਅਧਾਰਾ ॥੨॥ ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥ ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥੩॥ ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥ ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥੪॥ ਨਿਜ ਘਰਿ ਮਹਲੁ ਅਪਾਰ ਕੋ ਅਪਰੰਪਰੁ ਸੋਈ ॥ ਬਿਨੁ ਸਬਦੈ ਥਿਰੁ ਕੋ ਨਹੀ ਬੂਝੈ ਸੁਖੁ ਹੋਈ ॥੫॥ ਕਿਆ ਲੈ ਆਇਆ ਲੇ ਜਾਇ ਕਿਆ ਫਾਸਹਿ ਜਮ ਜਾਲਾ ॥ ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ ॥੬॥ ਗੁਰਮਤਿ ਨਾਮੁ ਨ ਵੀਸਰੈ ਸਹਜੇ ਪਤਿ ਪਾਈਐ ॥ ਅੰਤਰਿ ਸਬਦੁ ਨਿਧਾਨੁ ਹੈ ਮਿਲਿ ਆਪੁ ਗਵਾਈਐ ॥੭॥ ਨਦਰਿ ਕਰੇ ਪ੍ਰਭੁ ਆਪਣੀ ਗੁਣ ਅੰਕਿ ਸਮਾਵੈ ॥ ਨਾਨਕ ਮੇਲੁ ਨ ਚੂਕਈ ਲਾਹਾ ਸਚੁ ਪਾਵੈ ॥੮॥੧॥੧੭॥

ਇਸ ਸ਼ਬਦ ਤੇ ਫਿਰ ਚਰਚਾ ਛਿੜਦੀ ਹੈ। ਕਈ ਗੁਰਮੁਖ ਪਿਆਰੇ ਤਰਾਂ ਤਰਾਂ ਦੇ ਸਵਾਲ ਕਰਦੇ ਹਨ ਕਿ ਸਾਡੇ ਜੀਵਾਂ ਦਾ ਵੱਗ ਨਾਲ ਮੁਕਾਬਲਾ ਕਿਵੇ ਹੋ ਗਿਆ। ਇਨਸਾਨ ਨੂੰ ਤਾਂ ਕਰਤਾਰ ਨੇ ਮਾੜਾ ਚੰਗਾ ਸੋਚਣ ਲਈ ਦਿਮਾਗ ਦਿੱਤਾ ਹੈ। ਪਰ ਗਾਈਆਂ ਤਾਂ ਆਪਣਾ ਮਾੜਾ ਚੰਗਾ ਨਹੀ ਸੋਚ ਸਕਦੀਆਂ।

ਗੁਰੂ ਸਾਹਿਬ ਨੇ ਫਿਰ ਹੋਰ ਵੀ ਜੋਰ ਦੇ ਕੇ ਕਿਹਾ ਕਿ ਨਹੀ ਸਾਨੂੰ ਸੀਲ ਗਾਈਆਂ ਦੀ ਤਰਾਂ ਹੀ ਵਿਹਾਰ ਕਰਨਾਂ ਚਾਹੀਦਾ ਹੈ। ਕਰਤਾਰ ਦੀ ਰਜਾ ਵਿਚ ਰਹੀਏ। ਇਹੋ ਚੜ੍ਹਦੀ ਕਲ੍ਹਾ ਦਾ ਅਸੂਲ ਹੈ। ਇਸ ਵਿਚ ਰਤਾ ਝੂਠ ਨਹੀ। ਜਦੋਂ ਤੁਸੀ ਸੱਚ ਵਿਚ ਚਲੋਗੇ ਤਾਂ ਸੁਖੀ ਰਹੋਗੇ। ਗੁਰਮੁਖ ਗੁਰਮੱਤ ਦੇ ਗਾਡੀ ਰਾਹ ਤੇ ਸਬਰ ਸੰਤੋਖ ਨਾਲ ਚਲਦਾ ਹੋਇਆ ਗੁਰਬਾਣੀ ਰੂਪੀ ਅੰਮ੍ਰਿਤ ਪੀਂਦਾ ਹੋਇਆ ਰਤਾ ਨਾਂ ਡੋਲੇ। ਹਰ ਥਾਂ ਹਰ ਜੀਵ ਵਿਚ ਨਿਰੰਕਾਰ ਦੇ ਰੂਪ ਦੇ ਦਰਸ਼ਨ ਕਰੇ। ਯਾਦ ਰਹੇ ਗੁਰਮਤ ਦਾ ਨਿਰੰਕਾਰ ਆਪਣੀ ਰਚਨਾ ਰਾਹੀ ਸਾਕਾਰ ਰੂਪ ਵਿਚ ਹੈ।

✚ਸਾਹਿਬ ਨੇ ਗਉੜੀ ਵਿਚ ਸ਼ਬਦ ਕਿਹਾ:-

ਗਉੜੀ ਮਹਲਾ ੧ ॥ ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥ ਰਹਹਿ ਅਤੀਤ ਸਚੇ ਸਰਣਾਈ ॥੧॥ ਸਚ ਘਰਿ ਬੈਸੈ ਕਾਲੁ ਨ ਜੋਹੈ ॥ ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ ਰਹਾਉ ॥ ਅਪਿਉ ਪੀਅਉ ਅਕਥੁ ਕਥਿ ਰਹੀਐ ॥ ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥ ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥ ਸਤਿਗੁਰੁ ਦੇਖਿਆ ਦੀਖਿਆ ਲੀਨੀ ॥ ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥ ਗਤਿ ਮਿਤਿ ਪਾਈ ਆਤਮੁ ਚੀਨੀ ॥੪॥ ਭੋਜਨੁ ਨਾਮੁ ਨਿਰੰਜਨ ਸਾਰੁ ॥ ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ ਤਹ ਏਕੰਕਾਰੁ ॥੫॥ ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥ ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥ ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥ ਹਰਿ ਜਸਿ ਸੰਤ ਭਗਤ ਨਿਸਤਾਰਿਆ ॥ ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥ ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥ ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥ ਜਿਨ ਕੈ ਮਨਿ ਵਸਿਆ ਸਚੁ ਸੋਈ ॥ ਤਿਨ ਕੀ ਸੰਗਤਿ ਗੁਰਮੁਖਿ ਹੋਈ ॥ ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥

-----◈-----

## "ਬਾਬਾ ਜੀ ਲੋਕਾਂ ਮੇਰਾ ਮਖੌਲ ਉਡਾਇਆ" ਗੁਰਸਿੱਖ ਨੇ ਸ਼ਕਾਇਤ ਲਾਈ

ਕਰਤਾਰਪੁਰ

ਇਕ ਦਿਨ ਕਰਤਾਰਪੁਰ ਸਾਹਿਬ ਵਿਖੇ ਇਕ ਬ੍ਰਾਹਮਣ ਗੁਰਸਿੱਖ ਆਪਣੇ ਸਾਥੀਆਂ ਨਾਲ ਹਾਜਰ ਹੋਇਆ। ਉਹ ਆਪਣਾ ਤਜੱਰਬਾ ਗੁਰੂ ਸਾਹਿਬ ਕੋਲ ਬਿਆਨ ਕਰ ਰਿਹਾ ਸੀ। ਉਹਦਾ ਕਹਿਣਾ ਸੀ ਕਿ ਇਕ ਦਿਨ ਮੈਂ ਆਪਣੇ ਧਾਰਮਿਕ ਸਾਥੀਆਂ ਨਾਲ ਜਦੋਂ ਗੁਰੂ ਦੀ ਅਹਿਮੀਅਤ ਤੇ ਗਲ ਚਲਾਈ ਤਾਂ ਮੇਰਾ ਖੂਬ ਮਖੌਲ ਉਡਾਇਆ ਗਇਆ। ਅਗਲੇ ਕਹਿ ਰਹੇ ਸਨ ਕਿ ਬਿਨਾਂ ਕਰਮ ਕਾਂਡ ਪ੍ਰਭੂ ਦੀ ਪ੍ਰਾਪਤੀ ਕਿਵੇ ਸੰਭਵ ਹੋ ਸਕਦੀ ਹੈ? ਉਹ ਤਾਹਨੇ ਦੇ ਰਹੇ ਸਨ ਕਿ ਕੀ ਵਿਦਵਾਨਾਂ ਦੀਆਂ ਹਜਾਰਾਂ ਸਾਲ ਪਹਿਲਾਂ ਕਹੀਆਂ ਗੱਲਾਂ ਝੂਠੀਆਂ ਹੋ ਗਈਆਂ ਤੇ ਤੇਰਾ ਗੁਰੂ ਸੱਚਾ ਹੋ ਗਿਆ?

ਗੁਰੂ ਸਾਹਿਬ ਨੇ ਉਸ ਗੁਰਸਿੱਖ ਨੂੰ ਕਿਹਾ ਕਿ ਦੁਨੀਆ ਦਾ ਕੀ ਹੈ। ਦੁਨੀਆਂ ਤਾਂ ਉਲਟੇ ਪਾਸੇ ਹੀ ਜਾਂਦੀ ਹੈ। ਇਹ ਲੋਕ ਕੀ ਸਮਝਣ ਕਿ ਨਿਰੰਕਾਰ ਪ੍ਰਭੂ ਹਰ ਹਿਰਦੇ ਵਿਚ ਵਸਦਾ ਹੈ, ਇਹ ਉਨੂੰ ਜੰਗਲਾਂ ਵਿਚ ਦੱਸਦੇ ਨੇ। ਇਨਾਂ ਅਕਲੋ ਅੰਨੇ ਲੋਕਾਂ ਬਾਰੇ ਕੀ ਕਿਹਾ ਜਾ ਸਕਦਾ ਹੈ। ਇਹ ਨਕਲੀ ਚੀਜ ਨੂੰ ਦੌੜ ਕੇ ਪੈਂਦੇ ਨੇ ਤੇ ਅਸਲੀ ਵਲ ਤਕਦੇ ਵੀ ਨਹੀ। ਕਲ ਜੁਗ ਦੀ ਹਾਲਤ ਕੁਝ ਇਹੋ ਜਿਹੀ ਬਣੀ ਕਿ ਅੱਖੋ ਅੰਨਾ ਬੰਦਾ ਅੱਜ ਪਾਰਖੂ ਕਹਾ ਰਿਹਾ ਹੈ। ਜਿਹੜਾ ਪੁਰਖ ਗਿਆਨਵਾਨ ਹੈ ਭਾਵ ਜਿੰਨੂ ਜੀਵਨ ਦੀ ਅਸਲੀਅਤ ਦੀ ਖਬਰ ਲੱਗ ਚੁੱਕੀ ਉਨੂੰ ਇਹ ਲੋਕ ਮੂਰਖ ਕਹਿੰਦੇ ਨੇ। ਜਿਸ ਇਨਸਾਨ ਨੇ ਪ੍ਰਭੂ ਦਾ ਭੇਦ ਪਾ ਲਿਆ ਇਨਾਂ ਵਾਸਤੇ ਉਹ ਮਰ ਗਇਆ ਅਤੇ ਜਿਹੜਾ ਮਾਇਆ ਦੀ ਦੌੜ ਵਿਚ ਬੰਦਾ ਪਿਆ ਉਹ ਇਨਾਂ ਵਾਸਤੇ ਜਾਗਦਾ ਹੈ। ਜਿਹੜਾ ਧੰਨ ਨੇਕ ਕੰਮ ਵਾਸਤੇ ਲੱਗ ਗਇਆ ਇਹਨਾਂ ਵਾਸਤੇ ਤਾਂ ਉਹ ਵਿਅੱਰਥ ਹੋ ਗਿਆ। ਇਨਾਂ ਨੂੰ ਬਿਗਾਨੀਆਂ ਚੰਗੀਆਂ ਲੱਗਦੀਆਂ ਤੇ ਆਪਣੀ ਦੀ ਕਦਰ ਨਹੀ। ਜਿਹੜਾ ਅਸਲ ਮਿੱਠਾ ਇਨਾਂ ਵਾਸਤੇ ਉਹ ਕੌੜਾ ਹੋ ਜਾਂਦਾ ਹੈ। ਜਿਹੜਾ ਪ੍ਰਭੂ ਰੰਗ ਵਿਚ ਰੰਗਿਆ ਗਇਆ ਉਹਦੀ ਇਹ ਨਿੰਦਾ ਕਰਦੇ ਨੇ। ਮਾਇਆ ਕਰਤਾਰ ਦੇ ਹੁਕਮ ਵਿਚ ਹੈ ਇਹ ਮਾਇਆ ਦੀ ਤਾਂ ਪੂਜਾ ਕਰਦੇ ਨੇ ਪਰ ਕਰਤਾਰ ਵਲ ਤਕਦੇ ਵੀ ਨਹੀ। ਪਾਣੀ ਨੂੰ ਰਿੜਕਣ ਵਾਲੇ ਇਨਾਂ ਲੋਕਾਂ ਬਾਰੇ ਕੀ ਕਿਹਾ ਜਾਏ।

ਗੁਰੂ ਸਾਹਿਬ ਨੇ ਇਸ ਪ੍ਰਕਾਰ ਉਸ ਗਿਆਨਵਾਨ ਬ੍ਰਾਹਮਣ ਗੁਰਸਿੱਖ ਨੂੰ ਦੁਨੀਆਂ ਦੀ ਅਸਲ ਤਸਵੀਰ ਵਿਖਾ ਦਿੱਤੀ। ਸਾਹਿਬ ਨੇ ਫਿਰ ਸ਼ਬਦ ਬੋਲਿਆ:-

ਗਉੜੀ ਮਹਲਾ ੧ ॥ ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥ ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥੧॥ ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥ ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ ॥ ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥ ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥ ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥੪॥ ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥ ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ॥੫॥ ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥ ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥੬॥ ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥੭॥ ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ ॥ ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥੮॥ ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥ ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥੯॥੨॥੧੮॥

ਇਹ ਸਭ ਸੁਣ ਕੇ ਗਿਆਨਵਾਨ ਬੰਦੇ ਦੇ ਮੂੰਹੋ ਕੁਦਰਤੀ ਤੌਰ ਤੇ ਫਿਰ ਇਹੋ ਨਿਕਲਣਾ ਸੀ ਕਿ ਤੂੰ ਧੰਨ ਹੈ ਬਾਬਾ ਨਾਨਕਾ।

-----◈-----

## ਬਾਬੇ ਨੇ ਫਿਰ ਘਰਵਾਲੀ ਪ੍ਰਥਾਇ ਹੀ ਬਾਣੀ ਕਹਿ ਦਿੱਤੀ ○

ਕਰਤਾਰਪੁਰ

ਇਹ ਗੱਲ 1518-20 ਈ ਦੇ ਲਾਗੇ ਚਾਗੇ ਦੀ ਲੱਗਦੀ ਹੈ।

ਲੱਗਦੈ ਬੀਬੀ ਜੀ (ਮਾਤਾ ਸੁਲੱਖਣੀ / ਘੁੰਮੀ ਚੋਣੀ) ਜੋ ਹੁਣ ਬਹੁਤ ਦੁਬਲੀ ਪਤਲੀ ਹੋ ਗਏ ਹਨ ਗੁਰੂ ਸਾਹਿਬ ਨੂੰ ਤਾਹਨੇ ਮਾਰਦੇ ਹਨ ਕਿ ਤੇਰੇ ਪਿੱਛੇ ਮੈਂ ਜਵਾਨੀ ਗਾਲ ਲਈ। ਜਵਾਨੀ ਦਾ ਜੋਬਨ ਢੱਲ ਕੇ ਹੁਣ ਬੁਢਾਪਾ ਆ ਚੁੱਕਾ ਹੈ। ਛਾਤੀ ਸੁੱਕ ਚੁੱਕੀ ਹੈ। ਜਵਾਨੀ ਵੇਲੇ ਦੇ ਸ਼ਿੰਗਾਰ ਦੇ ਸ਼ੌਕ ਵੀ ਪੂਰੇ ਨਹੀ ਹੋਏ। ਤੇਰਾ ਰਾਹ ਤਕਦਿਆਂ ਤਕਦਿਆਂ ਅੱਖਾਂ ਵੀ ਪੱਕ ਚੁੱਕੀਆਂ ਨੇ। ਪਤੀ ਤੋਂ ਬਗੈਰ ਘਰ ਕਾਹਦਾ? ਬਸ ਸਬਰ ਸੰਤੋਖ ਦਾ ਘੁੱਟ ਪੀ ਕੇ ਜਿੰਦਗੀ ਕੱਢ ਦਿੱਤੀ ਹੈ। ਚਲੋ ਫਿਰ ਵੀ ਮਨ ਦੀ ਇਛਾ ਪੂਰੀ ਹੋ ਗਈ ਹੈ ਤੂੰ ਆਖਿਰ ਮੇਰੇ ਵਲ ਪਰਤ ਆਇਆ ਹੈ॥

ਪਤਨੀ ਕੋਲੋਂ ਇਹੋ ਜਿਹੇ ਜਦੋਂ ਤਾਹਨੇ ਸੁਣੇ ਤਾਂ ਗੁਰੂ ਸਾਹਿਬ ਦਾ ਆਪਣੇ ਪਤੀ (ਰੱਬ) ਵਲ ਧਿਆਨ ਚਲਾ ਗਇਆ ਤੇ ਅਜਿਹਾ ਵੈਰਾਗ ਛੁੱਟਿਆ ਕਿ ਪਤੀ ਦੇ ਪ੍ਰੇਮ ਵਿਚ ਛੰਦ ਕਹਿ ਦਿੱਤੇ। ਪਰ ਗੁਰੂ ਸਾਹਿਬ ਸ਼ੁਕਰਗੁਜਾਰ ਹੋ ਰਹੇ ਨੇ ਕਿ ਉਹਨਾਂ ਦਾ ਪਤੀ ਗੁਰੂ ਸਾਹਿਬ ਨੂੰ ਕਦੀ ਨਹੀ ਵਿਸਾਰਦਾ। ਜਦੋਂ ਉਹਨੂੰ ਯਾਦ ਕਰਦੇ ਨੇ ਉਹ ਨਾਲ ਹੁੰਦਾ ਹੈ। ਉਹ ਤਾਂ ਸਦਾ ਹੀ ਜਵਾਨ ਹੈ। ਰੋਜ ਹੀ ਨਵਾਂ ਨਕੋਰ। ਗੁਰੂ ਸਾਹਿਬ ਦਾ ਤਾ ਰੋਜ ਮੇਲ ਹੁੰਦਾ ਹੈ।

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ॥ ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ ॥ ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ ॥ ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ ॥ ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ ॥ ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ ॥ ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪਿਰ ਨੀਦ ਨ ਆਵਏ ॥੧॥ ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ ॥ ਕਿਉ ਸੁਖੁ ਪਾਵੈਗੀ ਬਿਨੁ ਉਰ ਧਾਰੇ ॥ ਨਾਹ ਬਿਨੁ ਘਰ ਵਾਸੁ ਨਾਹੀ ਪੁਛਹੁ ਸਖੀ ਸਹੇਲੀਆ ॥ ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ ਵਸਹਿ ਸਾਚਿ ਸੁਹੇਲੀਆ ॥ ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ ॥ ਨਾਨਕ ਨਾਮੁ ਨ ਛੋਡੈ ਸਾ ਧਨ ਨਾਮਿ ਸਹਜਿ ਸਮਾਣੀਆ ॥੨॥ ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ ॥ ਗੁਰ ਪੁਛਿ ਲਿਖਉਗੀ ਜੀਉ ਸਬਦਿ ਸਨੇਹਾ ॥ ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ ॥ ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ ॥ ਸਾਚ ਕੀ ਮਤਿ ਸਦਾ ਨਉਤਨ ਸਬਦਿ ਨੇਹੁ ਨਵੇਲਓ ॥ ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ ॥੩॥ ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ ॥ ਮਿਲਿ ਵਰੁ ਨਾਰੀ ਮੰਗਲੁ ਗਾਇਆ ॥ ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ ॥ ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ ॥ ਕਰ ਜੋੜਿ ਸਾ ਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ ॥ ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ ॥੪॥੧॥

-----◈-----

## ਜਿਵੇ ਸ਼ਿਕਾਰ ਚੋਗਾ ਲੈਣ ਦੇ ਲਾਲਚ ਵਿਚ ਫਸਦੈ, ਐਨ ਇਹੋ ਹਾਲਤ ਬੰਦੇ ਦੀ ਹੈ◉

ਗਲ ਕਰਤਾਰਪੁਰ ਦੀ ਹੈ। ਧਰਮਸਾਲ ਵਿਚ ਕੁਝ ਲੰਗੋਟਬੰਦ ਸਾਧੂ ਠਹਿਰੇ ਹੋਏ ਸਨ। ਗੁਰੂ ਸਾਹਿਬ ਸਾਧੂਆਂ ਨੂੰ ਨਾਲ ਲੈ ਕੇ ਰਾਵੀ ਦਰਿਆ ਵਲ ਨਿਕਲ ਗਏ। ਦਰਿਆ ਕੰਢੇ ਗਏ ਤੇ ਕੀ ਵੇਖਦੇ ਹਨ ਇਕ ਝੀਵਰ ਮੱਛੀਆਂ ਫੜ ਰਿਹਾ ਹੈ। ਪਹਿਲਾਂ ਉਹ ਜਾਲ ਵਿਛਾਉਦਾ ਹੈ ਤੇ ਫਿਰ ਮੱਛੀਆਂ ਲਈ ਜਾਲ ਦੇ ਉਤੇ ਜਿਹੇ ਕਰਕੇ ਕੋਈ ਚੋਗਾ ਸੁੱਟਦਾ ਹੈ। ਮੱਛੀਆਂ ਦੌੜੀਆਂ ਆਉਦੀਆਂ ਹਨ। ਜਦੋਂ ਵੱਡੀ ਗਿਣਤੀ ਵਿਚ ਚੋਗਾ ਚੁੱਕ ਰਹੀਆਂ ਹੁੰਦੀਆਂ ਹਨ ਤਾਂ ਮਾਛੀ ਜਾਲ ਚੁੱਕ ਲੈਂਦਾ ਹੈ ਤੇ ਕੰਢੇ ਤੇ ਲਿਆ ਮੱਛੀਆਂ ਨੂੰ ਫੜ੍ਹ ਬੋਰੀ ਵਿਚ ਪਾ ਲੈਂਦਾ ਹੈ। ਪਾਣੀ ਤੋਂ ਬਾਹਰ ਮੱਛੀ ਤੜ੍ਹਫ ਰਹੀ ਹੁੰਦੀ ਹੈ।

ਗੁਰੂ ਸਾਹਿਬ ਦਾ ਕੋਮਲ ਹਿਰਦਾ ਇਹ ਵੇਖ ਵਿਸਮਾਦ ਵਿਚ ਆਉਦਾ ਹੈ ਤੇ ਧਿਆਨ ਵਿਚ ਆਉਦਾ ਹੈ ਕਿ ਹਰ ਥਾਂ ਜੀਅ ਨਾਲ ਇਹੋ ਕੁਝ ਹੋ ਰਿਹਾ ਹੈ। ਖੁੱਦ ਬੰਦਾ ਵੀ ਲਾਲਚ ਵਿਚ ਆ ਕੇ ਖੁੱਦ ਹੀ ਕਿਸੇ ਨਾਂ ਕਿਸੇ ਫਾਹੀ ਵਿਚ ਫਸਦਾ ਹੈ ਤੇ ਮਾਰਿਆ ਜਾਂਦਾ ਹੈ। ਕਦੀ ਕੋਈ ਲਾਲਚ ਤੇ ਕਦੀ ਕੋਈ ਲਾਲਚ। ਯਾਦ ਰਹੇ ਬਹੁਤੇ ਲੋਕ ਗਲਤ ਖਾਣ ਨਾਲ ਉਪਜੀਆਂ ਬੀਮਾਰੀਆਂ ਕਰਕੇ ਮਰਦੇ ਹਨ। ਕਦੀ ਕੋਈ ਲਾਲਚ ਵਿਚ ਆ ਕੇ ਅਜਿਹੀ ਮਾਇਆ ਤੇ ਹੱਥ ਮਾਰਦਾ ਹੈ ਜਿਹੜੀ ਉਹਦੀ ਚਿੰਤਾ ਦਾ ਕਾਰਨ ਬਣਦੀ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਸੱਚ ਦੇ ਪਾਂਧੀ ਗੁਰਮੁਖ ਬੰਦੇ ਇਸ ਮਾਇਆ ਜਾਲ ਵਿਚ ਨਹੀ ਫਸਦੇ। ਗੁਰਮੁਖਾਂ ਨੂੰ ਮੌਤ ਵਾਲਾ ਕਾਲ ਨਹੀ ਪੈਂਦਾ। ਉਹ ਜਦੋਂ ਜਾਂਦੇ ਹਨ ਉਹ ਇਸ ਤਰਾਂ ਹੁੰਦਾ ਹੈ ਜਿਵੇ ਪਾਣੀ ਦੀ ਬੂਦ ਸਮੁੰਦਰ ਵਿਚ ਜਾ ਰਲਦੀ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਬਾਕੀ ਇਨਾਂ ਭੋਲੇ ਜੀਆਂ ਦੇ ਵੱਸ ਕੁਝ ਨਹੀ।

ਫਿਰ ਇਸੇ ਸ਼ਬਦ ਦੀ ਵਿਆਖਿਆ ਓਨਾਂ ਸ਼ਾਮ ਦੇ ਦੀਵਾਨ ਵਿਚ ਕੀਤੀ ਤੇ ਭਰੀ ਸੰਗਤ ਦੀ ਸ਼ਮੂਲੀਅਤ ਨਾਲ ਗਾਇਆ।

ਸਿਰੀਰਾਗੁ ਮਹਲਾ ੧ ॥ ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥ ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥ ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥੧॥ ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥ ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥੧॥ ਰਹਾਉ ॥ ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥ ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ ਹਉ ਤਿਨ ਕੈ ਬਲਿਹਾਰਣੈ ਦਰਿ ਸਚੈ

ਪੈੜ ਸਰੋਤ

◘ ਸੋਢੀ 2- 444, ✚ ਸੋਢੀ 2- 448, ■ ਸੋਢੀ 2- 453, ○ਸੋਢੀ 2- 458

ਸਚਿਆਰ ॥੨॥ ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥ ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥੩॥ ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥ ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥ ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥ ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥ ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥ ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥੫॥ ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥ ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥ ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥ ਤੂੰਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ ॥ ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥ ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥੭॥ ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥ ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥ ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥੮॥੪

ਸਾਧੂਆਂ ਨੇ ਜਦੋਂ ਕਿਹਾ ਧੰਨ ਬਾਬਾ ਨਾਨਕ ਤਾਂ ਹਰ ਪਾਸੇ ਵਾਹਿਗੁਰੂ ਵਾਹਿਗੁਰੂ ਹੋਣ ਲੱਗ ਪਿਆ। ਜੰਗਲ ਵਿਚ ਮੰਗਲ ਲੱਗ ਗਿਆ।

-----◈-----

## ਕਲਾਨੌਰੀਆ ਦੀ ਨੂੰਹ ਨੂੰ ਉਪਦੇਸ਼੦

ਕਰਤਾਰਪੁਰ ਬੈਠਿਆਂ ਜਦੋਂ ਗ੍ਰਿਸਤੀ ਲੋਕ ਬਾਬੇ ਦੁਆਲੇ ਜਿਆਦਾ ਹੀ ਝੁਰਮਟ ਪਾ ਦਿੰਦੇ ਸਨ (ਭਾਵ ਰੂਹਾਨੀਅਤ ਦੀ ਗਲ ਘੱਟ ਕਰਨੀ ਤੇ ਜਿਆਦਾ ਦੁਨਿਆਵੀ ਮੰਗਾ ਕਰਨੀਆਂ ਕਿ ਬਾਬਾ ਜੀ ਕਿਰਪਾ ਕਰੋ ਮੇਰੇ ਘਰ ਦੁੱਧ-ਪੁਤ ਦੀ ਦਾਤ ਹੋਵੇ, ਮੇਰਾ ਜਮੀਨੀ ਝਗੜਾ ਮੁੱਕੇ, ਮੈਨੂੰ ਤੰਦਰੁਸਤੀ ਮਿਲੇ ਆਦਿ ਆਦਿ) ਤਾਂ ਬਾਬਾ ਕਦੀ ਕਦੀ ਕਰਤਾਰਪੁਰ ਤੋਂ ਖਿਸਕ ਜਾਇਆ ਕਰਦਾ ਸੀ।

ਏਸੇ ਤਰਾਂ ਇਕ ਵੇਰਾਂ ਗੁਰੂ ਸਾਹਿਬ ਭਾਈ ਲਹਿਣੇ ਨੂੰ ਕਹਿਣ ਲੱਗੇ ਕਿ ਮੈਨੂੰ ਇਕ ਦੋ ਦਿਨ ਦੀ ਹੁਣ ਛੁੱਟੀ ਦੇ। ਫਿਰ ਅਗਲੇ ਮਨ੍ਹੇਰ ਸਾਰ ਇਕੱਲੇ ਰਾਵੀ 'ਚ ਇਸ਼ਨਾਨ ਕਰਨ ਉਪਰੰਤ ਪਾਰ ਚਲੇ ਗਏ। ਚੜ੍ਹਦੇ ਪਾਸੇ ਨੂੰ ਜਿਓ ਤੁਰੇ ਪਿੰਡ ਭਗਠਾਣਾ ਤੁਲੀਆਂ ਹੁੰਦੇ ਹੋਏ 15 ਕਿ. ਮੀ. ਦਾ ਪੈਡਾ ਕਰਕੇ ਕਲਾਨੌਰ ਠਾਣੇ ਦੇ ਲਾਗੇ ਪਹੁੰਚ, ਲਹੌਰੀ ਦਰਵਾਜੇ ਦੇ ਕੋਲ ਜਾ ਬੈਠੇ।

ਜਦੋਂ ਮੰਨ ਵਿਚ ਆਵੇ ਉੱਚੀ ਉੱਚੀ ਗੁਰਬਾਣੀ ਗਾਉਣ। ਹੌਲੀ ਹੌਲੀ ਲਾਗੇ ਰੌਣਕ ਵੱਧਦੀ ਗਈ। ਲੋਕਾਂ ਨੇ ਬਾਬੇ ਨੂੰ ਪਛਾਣ ਵੀ ਲਿਆ। ਸ਼ਹਿਰ ਦੇ ਲੋਕਾਂ ਵੀ ਆਉਣਾ ਸ਼ੁਰੂ ਕਰ ਦਿੱਤਾ। ਤੁਲੀ ਗੋਤ ਦੇ ਖੱਤਰੀ ਦੁਕਾਨਦਾਰ ਨੇ ਗੁਰੂ ਸਾਹਿਬ ਨੂੰ ਬੜੀ ਅਧੀਨਗੀ ਸਹਿਤ ਬੇਨਤੀ ਕੀਤੀ ਕਿ ਬਾਬਾ ਜੀ ਕਿਰਪਾ ਕਰਕੇ ਮੇਰੇ ਘਰ ਚਰਨ ਪਾਓ। ਗੁਰੂ ਸਾਹਿਬ ਨੇ ਜਦੋਂ ਮਹਿਸੂਸ ਕੀਤਾ ਕਿ ਇਹ ਬੰਦਾ ਦਿਲੋਂ ਹੋ ਕੇ ਬੇਨਤੀ ਕਰ ਰਿਹਾ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਚੰਗਾ ਪੁਰਖਾ ਸ਼ਾਮੀ ਆ ਜਾਈ ਅੱਜ ਰਾਤ ਤੇਰੇ ਘਰ ਹੀ ਗੁਜਾਰਾਂਗੇ।

ਸ਼ਾਮੀ ਉਹ ਤੁਲੀ ਖਤਰੀ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਗਿਆ। ਓਨੀ ਦਿਨੀ ਸੁਹਾਗਣਾਂ ਵਲੋਂ ਵਰਤ ਰੱਖਣ ਦਾ ਰਿਵਾਜ ਆਮ ਸੀ। ਖਤਰੀ ਦਾ ਵਿਆਹ ਤਾਜਾ ਤਾਜਾ ਹੀ ਹੋਇਆ ਸੀ। ਨੂੰਹ ਬਹੁਤ ਅਮੀਰ ਘਰ ਦੀ ਸੀ। ਇਹ ਚਾਨਣੀ ਰਾਤ ਵਾਲੇ ਦਿਨ ਸਨ ਤੇ ਜਨਾਨੀਆਂ ਵਰਤ ਚੰਦਰਮੇ ਨੂੰ ਵੇਖ ਕੇ ਖੋਹਲਣਾ ਹੁੰਦਾ ਸੀ।

ਜਿਵੇ ਚੰਦਰਮਾ ਦਿਖਿਆ ਤਾਂ ਨੂੰਹ ਨੇ ਕਰਮ ਕਾਂਡ ਕੀਤਾ। ਉਸ ਉਪਰੰਤ ਉਸ ਨੇ ਆਪਣੇ ਘਰ ਵਾਲੇ ਨੂੰ ਮੱਥਾ ਟੇਕਿਆ। ਫਿਰ ਸੱਸ ਨੂੰ ਸਹੁਰੇ ਨੂੰ ਵੀ ਮੱਥਾ ਟੇਕਣਾ ਸੀ। ਨੂੰਹ ਨੇ ਮਾੜਾ ਜਿਹਾ ਝੁੱਕ ਕੇ ਸੱਸ ਨੂੰ ਨਮਸਕਾਰ ਕੀਤੀ ਪਰ ਪੈਰਾਂ ਨੂੰ ਹੱਥ ਨਹੀ ਲਾਇਆ। ਇਸ ਤੇ ਖਤਰੀ ਨੇ ਆਪਣੀ ਬਹੂ ਨੂੰ ਕਿਹਾ ਕਿ ਮਾਤਾ ਦੇ ਪੈਰ ਛੂਹ।

ਵਹੁਟੀ ਨੇ ਮੁਸਕਰਾਉਦੀ ਹੋਈ ਕਿਹਾ ਕਿ ਮੇਰੇ ਕੋਲੋ ਝੁਕਿਆ ਨਹੀ ਜਾ ਰਿਹਾ। ਹੋ ਸਕਦਾ ਉਸ ਨੇ ਤੰਗ ਅੰਗੀ (ਜਾਂ ਚੋਲੀ) ਪਾਈ ਹੋਏ। ਪਰ ਪ੍ਰਭਾਵ ਇਹੋ ਲਿਆ ਜਾ ਰਿਹਾ ਸੀ ਕਿ ਉਹ ਅਮੀਰ ਘਰੋਂ ਹੋਣ ਕਰਕੇ ਅਜੇ ਆਕੜ ਵਿਚ ਹੈ। ਇਸ ਤੇ ਘਰ ਵਿਚ ਥੋੜੀ ਤੂੰ ਤੂੰ ਮੈਂ ਮੈਂ ਹੋਈ ਜਿਹੜੀ ਗੁਰੂ ਸਾਹਿਬ ਦੇ ਨੋਟਿਸ ਵਿਚ ਵੀ ਆ ਗਈ। ਗੁਰੂ ਸਾਹਿਬ ਨੇ ਇਸ ਨੂੰਹ ਰਾਣੀ ਨੂੰ ਗਿਆਨ ਦਿੱਤਾ ਕਿ ਬੀਬਾ ਇਹ ਰੰਗ ਥੋੜੇ ਦਿਨਾਂ ਦਾ ਹੀ ਹੈ।

ਗੁਰੂ ਸਾਹਿਬ ਨੇ ਉਸ ਧੀ ਉਪਦੇਸ਼ ਦਿੱਤਾ ਕਿ ਹੇ ਉੱਚੇ ਲੰਮੇ ਕੱਦ ਵਾਲੀ, ਭਰ-ਜੁਆਨੀ ਤੇ ਅੱਪੜੀ ਹੋਈ, ਮਾਣਮੱਤੀ ਚਾਲ ਵਾਲੀ ਕੁੜੀਏ ਅਖੇ ਭਰਵੀਂ ਛਾਤੀ ਦੇ ਕਾਰਨ ਮੈਥੋਂ ਲਿਫ਼ਿਆ ਨਹੀਂ ਜਾਂਦਾ । ਅਖੇ ਮੈਂ ਸੱਸ ਨੂੰ ਕਿਵੇਂ ਮੱਥਾ ਟੇਕਾਂ? ਹੇ ਭੈਣੇ ਇਸ ਭਰਵੀਂ ਜੁਆਨੀ ਦੇ ਕਾਰਨ ਅਹੰਕਾਰ ਨਾ ਕਰ। ਇਹਨੂੰ ਜਾਂਦਿਆਂ ਚਿਰ ਦੇਰ ਨਹੀਂ ਲੱਗਣੀ । ਵੇਖ ਜਿਹੜੇ ਪਹਾੜਾਂ ਵਰਗੇ ਪੱਕੇ ਮਹੱਲ ਜਿੰਨਾਂ ਨੂੰ ਚੂਨੇ ਦਾ ਪਲਸਤਰ ਲੱਗਾ ਹੁੰਦਾ ਸੀ, ਉਹ ਭੀ ਡਿਗਦੇ ਮੈਂ ਵੇਖੇ ਨੇ ਤੇਰੀ ਜੁਆਨੀ ਦੀ ਤਾਂ ਕੋਈ ਪਾਂਇਆਂ ਹੀ ਨਹੀਂ ਹੈ। ਸਾਹਿਬ ਨੇ ਸਲੋਕ ਉਚਾਰਿਆ:-

ਉਤੰਗੀ ਪੈਓਹਰੀ ਗਹਿਰੀ ਗੰਭੀਰੀ ॥ ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ ॥ ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ ॥ ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ ॥੧॥ ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥ ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥ ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥ ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ ॥ ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ ॥ ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥ ਨਾਨਕ ਜਿਨ੍ਹੀ ਇਵ ਕਰਿ ਬੁਝਿਆ ਤਿਨ੍ਹਾ ਵਿਟਹੁ ਕੁਰਬਾਣੁ ॥

ਇਹ ਸਲੋਕ ਹੌਲੀ ਹੌਲੀ ਇਲਾਕੇ ਵਿਚ ਮਸ਼ਹੂਰ ਹੋ ਗਇਆ ਤੇ ਜਿਆਦਾ ਸ਼ੌਕੀਨ ਔਰਤਾਂ ਦੇ ਸਬੰਧ ਵਿਚ ਪੜਿਆ ਜਾਣ ਲੱਗਾ।

-----◈-----

## ਮੂਰਖ ਬੰਦੇ ਤੇ ਨਾਮ ਦਾ ਰੰਗ ਨਹੀ ਚੜ੍ਹ ਸਕਦਾ।•

ਗੁਰੂ ਸਾਹਿਬ ਓਨੀ ਦਿਨੀ ਕਰਤਾਰਪੁਰ ਸਾਹਿਬ ਬਰਾਜਮਾਨ ਸਨ। ਤਰਕਾਲਾਂ ਦਾ ਵੇਲਾ ਸੀ। ਧਰਮਸਾਲ ਦੇ ਲਾਗੋਂ ਦੀ ਇਕ ਜੱਟ ਨਿਕਲਿਆ ਜਿਸ ਦੇ ਹੱਥ ਵਿਚ ਤੇਲ ਨਾਲ ਭਰਿਆ ਚੌਮੁਖੀ ਦੀਵਾ ਸੀ ਤੇ ਨਾਲ ਉਸਦੇ ਰਿਸਤੇਦਾਰ ਸਨ। ਸੇਵਾਦਾਰਾਂ ਜਦੋਂ ਉਨ੍ਹੂੰ ਪੁੱਛਿਆ ਕਿ ਕਿਧਰ ਦੀ ਰਵਾਨਗੀ ਹੈ। ਉਸ ਨੇ ਕਿਹਾ ਕਿਉਕਿ ਅਜਕਲ ਸ਼ੁਭ ਦਿਨ ਚਲ ਰਹੇ ਨੇ (ਚੇਤ ਜਾਂ ਹਾੜ ਜਾਂ ਪੋਹ ਦਾ ਮਹੀਨਾ) ਇਸ ਕਰਕੇ ਪਿੱਪਲ ਦੀ ਪੂਜਾ ਦਾ ਫਲ ਬਹੁਤ ਉਤਮ ਹੁੰਦਾ ਹੈ। ਕੁਝ ਸਮੇਂ ਬਾਦ ਇਹ ਸਾਰੇ ਜਣੇ ਪਿੱਪਲ ਦੀ ਪ੍ਰਕਰਮਾ ਕਰਨ ਲੱਗ ਪਏ। ਓਦੋਂ ਤੱਕ ਗੁਰੂ ਸਾਹਿਬ ਵੀ ਸੰਗਤ ਵਿਚ ਬਰਾਜ ਸਨ। ਬਾਹਰੋ ਆਏ ਸਾਧੂਆਂ ਨੇ ਗੁਰੂ ਸਾਹਿਬ ਤੇ ਸਵਾਲ ਕਰ ਦਿੱਤਾ ਕਿ ਗੁਰੂ ਜੀ ਤੁਹਾਡੇ ਪ੍ਰਚਾਰ ਦਾ ਪ੍ਰਭਾਵ ਇਨਾਂ ਮਨਮੁੱਖਾਂ ਤੇ ਕਿਓ ਨਹੀ ਪਿਆ? ਇਹ ਤਾਂ ਤੁਹਾਡੇ ਗਵਾਂਢ ਵਿਚ ਹੀ ਹਨ।

ਗੁਰੂ ਸਾਹਿਬ ਨੇ ਮੁਸਕਰਾਉਂਦੇ ਇਹ ਸ਼ਬਦ ਕਿਹਾ:-

**ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ ॥ ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ ॥ ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੨॥ ਪਉੜੀ ॥ ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥ ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥ ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥ ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥੧੩॥**

ਰਾਤਾਂ ਕਾਲੀਆਂ ਹੁੰਦੀਆਂ ਹਨ, ਪਰ ਚਿੱਟੀਆਂ ਚੀਜ਼ਾਂ ਦੇ ਉਹੀ ਚਿੱਟੇ ਰੰਗ ਹੀ ਰਹਿੰਦੇ ਹਨ ਭਾਵ ਰਾਤ ਦੀ ਕਾਲਖ ਦਾ ਅਸਰ ਉਹਨਾਂ ਤੇ ਨਹੀਂ ਪੈਂਦਾ, ਦਿਨ ਚਿੱਟਾ ਹੁੰਦਾ ਹੈ, ਚੰਗਾ ਤਕੜਾ ਚਮਕਦਾ ਹੈ, ਪਰ ਕਾਲੇ ਪਦਾਰਥਾਂ ਦੇ ਰੰਗ ਕਾਲੇ ਹੀ ਰਹਿੰਦੇ ਹਨ ਭਾਵ ਦਿਨ ਦੀ ਰੌਸ਼ਨੀ ਦਾ ਅਸਰ ਇਹਨਾਂ ਕਾਲੀਆਂ ਚੀਜ਼ਾਂ ਤੇ ਨਹੀਂ ਪੈਂਦਾ) । ਏਸੇ ਤਰ੍ਹਾਂ ਜੋ ਮਨੁੱਖ ਅੰਨ੍ਹੇ ਮੂਰਖ ਅਕਲ-ਹੀਣ ਹਨ ਉਹਨਾਂ ਦੀ ਅੰਨ੍ਹੀ ਹੀ ਮਤਿ ਰਹਿੰਦੀ ਹੈ; ਹੇ ਨਾਨਕ! ਜਿਨ੍ਹਾਂ ਉਤੇ ਪ੍ਰਭੂ ਦੀ ਮਿਹਰ ਦੀ ਨਜ਼ਰ ਨਹੀਂ ਹੋਈ ਉਹਨਾਂ ਨੂੰ ਕਦੇ 'ਨਾਮ' ਦੀ ਪ੍ਰਾਪਤੀ ਦਾ ਮਾਣ ਨਹੀਂ ਮਿਲਦਾ।

ਇਨਾਂ ਮੂਰਖਾਂ ਨੂੰ ਪਤਾ ਨਹੀ ਕਿ ਕਿਸੇ ਰੁੱਖ ਦੀ ਜੜ੍ਹਾਂ ਨੂੰ ਤੇਲ ਦੇਣਾ ਉਨੂੰ ਮਾਰਨ ਤੁਲ ਹੁੰਦਾ ਹੈ। ਅਮੂਮਨ ਦੀਵੇ ਛੇਤੀ ਬੁੱਝ ਜਾਂਦੇ ਹਨ ਤੇ ਤੇਲ ਜੜ੍ਹਾਂ 'ਚ ਰੁਲਦਾ ਹੈ।

ਗੁਰੂ ਸਾਹਿਬ ਦਾ ਦਲੀਲ ਪੂਰਨ ਜਵਾਬ ਸੁਣਕੇ ਹਰ ਕੋਈ ਧੰਨ ਗੁਰੂ ਨਾਨਕ ਧੰਨ ਬਾਬਾ ਨਾਨਕ ਕਰ ਉਠਿਆ।

-----◈-----

## ਮਰੀ ਮੱਝ ਤੇ ਜੱਟ ਵੀ ਮਰਨੇ ਪੈ ਗਿਆ.

ਇਕ ਵੇਰਾਂ ਜਦੋਂ ਗੁਰੂ ਸਾਹਿਬ ਕਰਤਾਰਪੁਰ ਬਰਾਜਮਾਨ ਸਨ ਤੇ ਕੁਝ ਸਾਧੂ ਵੀ ਆਏ ਹੋਏ ਸਨ। ਦੀਵਾਨ ਤੋਂ ਬਾਦ ਲੋਕ ਆਪਣੇ ਦੁੱਖ ਸੁੱਖ ਬਾਬੇ ਨਾਲ ਸਾਂਝੇ ਕਰਕੇ ਸੇਧ ਲੈ ਰਹੇ ਸਨ। ਓਦੋਂ ਹੀ ਕਿ ਇਕ ਬੀਮਾਰ ਨੂੰ ਉਹਦੇ ਭਾਈ ਬੰਦੀ ਲੈ ਕੇ ਆਏ ਕਿ ਬਾਬਾ ਜੀ ਇਹ ਚੰਗਾ ਭਲਾ ਸੀ। ਇਹਦੀ ਮੱਝ ਬੀਮਾਰ ਹੋ ਕੇ ਮਰ ਗਈ ਤੇ ਇਸਨੇ ਅਜਿਹਾ ਹਉਕਾ ਲਿਆ ਕਿ ਬੀਮਾਰ ਹੋ ਗਿਆ। ਹਕੀਮ ਨੇ ਵੀ ਜਵਾਬ ਦੇ ਦਿੱਤਾ ਹੈ। ਬਾਬਾ ਜੀ ਇਸ ਤੇ ਕਿਰਪਾ ਕਰੋ।

ਗੁਰੂ ਸਾਹਿਬ ਨੇ ਉਸ ਮਰੀਜ ਦੇ ਸਿਰ ਤੇ ਹੱਥ ਫੇਰਿਆ ਤਾਂ ਉਸ ਦੀਆਂ ਅੱਖਾਂ ਖੁੱਲੀਆਂ। ਗੁਰੂ ਸਾਹਿਬ ਨੇ ਉਹਦਾ ਨਾਂ ਲੈ ਕੇ ਕਿਹਾ ਕਿ ਫਲਾਣਿਆ ਜੀਨਾ ਚਾਹੁੰਨੇ ਤੂੰ। ਮਰੀਜ ਦੀਆਂ ਅੱਖਾਂ ਇਕ ਦਮ ਚਮਕ ਉਠੀਆਂ ਤੇ ਉਸ ਨੇ ਕਿਹਾ "ਜੀ ਹਾਂ। " ਤੇ ਨਾਲ ਹੀ ਰੋਣ ਲੱਗ ਪਿਆ। ਗੁਰੂ ਸਾਹਿਬ ਨੇ ਕਿਹਾ ਫਲਾਣਿਆ ਪਰ ਇਕ ਦਿਨ ਇਥੋਂ ਜਾਣਾ ਪੈਣਾ ਈ। ਤੈਨੂੰ ਪਤਾ ਹੈ ਨਾਂ ਇਸ ਸੱਚਾਈ ਦਾ? ਕਹਿੰਦਾ ਹਾਂ ਪਤਾ ਹੈ। ਇਥੇ ਕਿਸੇ ਨੇ ਵੀ ਬਹਿ ਨਹੀ ਰਹਿਣਾ। ਅੱਗੇ ਪਿੱਛੇ ਹਰ ਕਿਸੇ ਨੇ ਜਾਣਾ ਹੈ। ਗੁਰੂ ਸਾਹਿਬ ਨੇ ਉਸ ਨੂੰ ਸ਼ਾਬਾਸ਼ ਦਿੱਤੀ। ਤੇ ਫਿਰ ਕਿਹਾ ਕਿ ਤੂੰ ਤਾਂ ਬਿਲਕੁਲ ਠੀਕ ਠਾਕ ਐਂ। ਉਹ ਜਜ਼ਬਾਤੀ ਹੋਇਆ ਫਿਰ ਹੰਝੂ ਵਹਾਉਣ ਲੱਗਾ।

ਸਾਹਿਬ ਨੇ ਉਨੂੰ ਕਿਹਾ ਕਿ ਭਾਈ ਤੂੰ ਬਚ ਤਾਂ ਜਾਏਗਾ ਪਰ ਜਦੋਂ ਆਖੀਰ ਦਿਨ ਆਇਆ ਤਾਂ ਤੈਨੂੰ ਬਾਕੀਆਂ ਦੀਆਂ ਮੱਝਾਂ ਤੇ ਪ੍ਰਵਾਰ ਵੀ ਛੱਡਣਾ ਪੈਣਾ। ਖੂਹ ਤੇ ਜਮੀਨ ਵੀ ਛੱਡਣੀ ਪੈਣੀ ਆ। ਸੋਚ ਲੈ! ਆਖਣ ਲੱਗਾ "ਹਾਂ ਜੀ। "

ਫਿਰ ਗੁਰੂ ਸਾਹਿਬ ਨੇ ਕਿਹਾ ਕਿ ਜਦੋਂ ਤੈਨੂੰ ਪਤਾ ਹੈ ਕਿ ਇਕ ਦਿਨ ਸਾਰਾ ਕੁਝ ਛੱਡਣਾ ਤਾਂ ਫਿਰ ਇਕ ਮੱਝ ਦੇ ਮਰਨ ਤੇ ਇਨਾਂ ਦੁੱਖੀ ਕਿਓ ਹੋਇਓਂ? ਉਸ ਜੱਟ ਦੀਆ ਅੱਖਾਂ ਖੁੱਲ ਚੁੱਕੀਆਂ ਸਨ। ਗੁਰੂ ਸਾਹਿਬ ਨੇ ਫਿਰ ਸਿਰ ਤੇ ਹੱਥ ਫੇਰਿਆ ਤੇ ਕਹਿ ਦਿੱਤਾ ਕਿ ਬਿਲਕੁਲ ਨੌ ਬਰ ਨੌ ਆਂ। ਜਾਓ ਹੁਣ ਤੁਸੀ।

ਇਹ ਸਾਰਾ ਕੁਝ ਕੋਲ ਬੈਠੇ ਸਾਧੂ ਵੇਖ ਸੁਣ ਰਹੇ ਸਨ। ਓਨਾਂ ਗੁਰੂ ਸਾਹਿਬ ਨੂੰ ਸਵਾਲ ਕੀਤਾ ਕਿ ਕੀ ਵਜ੍ਹਾ ਹੈ ਕਿ ਬੰਦੇ ਨੂੰ ਪਤਾ ਹੈ ਕਿ ਜਦੋਂ ਸਾਰਾ ਕੁਝ ਛੱਡ ਜਾਣਾ ਹੈ ਫਿਰ ਇਹ ਚੀਜਾਂ ਦਾ ਮੋਹ ਏਨਾਂ ਕਿਓ ਪਾਲਦੇ ਹਨ?

ਸਾਹਿਬ ਨੇ ਕਿਹਾ ਕਿ ਅਕਾਲ ਪੁਰਖ ਦੇ ਹੁਕਮ ਦੀ ਹਰ ਕਿਸੇ ਨੂੰ ਸੋਝੀ ਨਹੀ ਹੁੰਦੀ। ਜਿਸ ਤੇ ਕਿਰਪਾ ਕਰੇ ਉਹੀ ਬੁੱਝਦੇ ਨੇ।

ਸਾਹਿਬ ਨੇ ਸ਼ਬਦ ਗਾਇਆ:-

**ਮਃ ੧ ॥ ਆਪਿ ਬੁਝਾਏ ਸੋਈ ਬੂਝੈ ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥ ਕਹਿ ਕਹਿ ਕਥਨਾ ਮਾਇਆ ਲੂਝੈ ॥ ਹੁਕਮੀ ਸਗਲ ਕਰੇ ਆਕਾਰ ॥ ਆਪੇ ਜਾਣੈ ਸਰਬ ਵੀਚਾਰ ॥ ਅਖਰ ਨਾਨਕ ਅਖਿਓ ਆਪਿ ॥ ਲਹੈ ਭਰਾਤਿ ਹੋਵੈ ਜਿਸੁ ਦਾਤਿ ॥੨॥**

-----◈-----

## ਅਪਰਸ ਲੋਕ ਇਸ ਬਹੁਮੁੱਲੇ ਜੀਵਨ ਨੂੰ ਵਿਅੱਰਥ ਕਰ ਦਿੰਦੇ ਨੇ.

ਹਿੰਦੂ ਮਤ ਵਿਚ ਇਕ ਫਿਰਕਾ ਹੈ ਜਿਸ ਦੇ ਲੋਕ ਅਪਰਸ ਕਹਾਉਂਦੇ ਹਨ ਉਹ ਪਲ ਪਲ ਤੇ ਆਪਣੇ ਆਪ ਨੂੰ ਨਹਾਉਂਦੇ ਧੋਂਦੇ ਰਹਿੰਦੇ ਹਨ। ਕਿਸੇ ਨੂੰ ਛੂਹ ਜਾਣ ਤਾਂ ਵੀ ਨਹਾਉਣਗੇ। ਉਹ ਕਈ ਸਥਾਨਾਂ ਅਤੇ ਕਈ ਲੋਕਾਂ ਨੂੰ ਵੀ ਅਪਵਿਤ੍ਰ ਮੰਨਦੇ ਹਨ। ਸ਼ੂਦਰ ਨੂੰ ਤਾਂ ਇਹ ਛੂ ਹੀ ਨਹੀ ਸਕਦੇ। ਕੁਝ ਜਾਨਵਰ ਜਿਵੇ ਕੁੱਤਾ ਬਿੱਲਾ ਆਦਿ ਹਨ ਇਨਾਂ ਨੂੰ ਕਿਤੇ ਗਲਤੀ ਨਾਲ ਹੱਥ ਲੱਗ ਜਾਏ ਤਾ ਇਨਾਂ ਨੂੰ ਨਹਾਉਣਾ ਪੈਂਦਾ ਹੈ। ਰੋਜ ਰੋਜ ਕਪੜੇ ਵੀ ਧੋਤੇ ਹੋਏ ਪਾਉਂਦੇ ਹਨ। ਰਸੋਈ ਤਿਆਰ ਕਰਨ ਤੋਂ ਪਹਿਲਾਂ ਨਹਾਉਣਾ। ਇਹ ਲੋਕ ਵੀ ਬਾਲਣ ਨੂੰ ਪਹਿਲਾਂ ਧੋਂਦੇ ਹਨ ਫਿਰ ਬਾਲਦੇ ਹਨ।

ਕਰਤਾਰਪੁਰ ਵਿਖੇ ਆਏ ਹੋਏ ਸਾਧੂਆ ਜਦੋਂ ਇਨਾਂ ਅਪਰਸ ਲੋਕਾਂ ਬਾਰੇ ਗੁਰੂ ਸਾਹਿਬ ਦਾ ਉਪਦੇਸ਼ ਜਾਨਣਾ ਚਾਹਿਆ ਤਾਂ ਉਹਨਾਂ ਨੇ ਇਹ ਸ਼ਬਦ ਗਾਵਿਆ।

**ਮਃ ੧ ॥ ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥ ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥ ਅੰਧਾ ਭੂਲਿ ਪਇਆ ਜਮ ਜਾਲੇ ॥ ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ॥ ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥ ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ ॥**

ਜੋ ਮਨੁੱਖ ਸਰੀਰ ਸੁੱਚੇ ਰੱਖਣ ਲਈ ਨਿੱਤ ਕੱਪੜੇ ਧੋ ਕੇ ਸਰੀਰ ਧੋਂਦਾ ਹੈ ਅਤੇ ਅਜਿਹਾ ਕਰਨ ਤੇ ਆਪਣੇ ਵੱਲੋਂ ਤਪਸਵੀ ਬਣ ਬੈਠਦਾ ਹੈ ਪਰ ਮਨ ਵਿਚ ਲੱਗੀ ਹੋਈ ਮੈਲ ਦੀ ਉਸ ਨੂੰ ਖ਼ਬਰ ਹੀ ਨਹੀਂ, ਸਦਾ ਸਰੀਰ ਨੂੰ ਬਾਹਰੋਂ ਹੀ ਮਲ ਮਲ ਕੇ ਧੋਂਦਾ ਹੈ, ਉਹ ਅੰਨ੍ਹਾ ਮਨੁੱਖ ਸਿੱਧੇ ਰਾਹ ਤੋਂ ਖੁੰਝ ਕੇ ਮੌਤ ਦਾ ਡਰ ਪੈਦਾ ਕਰਨ ਵਾਲੇ ਜਾਲ ਵਿਚ ਫਸਿਆ ਹੋਇਆ ਹੈ, ਹਉਮੈ ਵਿਚ ਦੁੱਖ

ਸਹਾਰਦਾ ਹੈ ਕਿਉਂਕਿ ਪਰਾਈ ਵਸਤ ਨੂੰ ਆਪਣੀ ਸਮਝ ਬੈਠਦਾ ਹੈ। ਪਰ ਜਦੋਂ ਗੁਰੂ ਦੇ ਸਨਮੁਖ ਹੋ ਕੇ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ, ਤਦੋਂ ਉਹ ਪ੍ਰਭੂ ਦਾ ਨਾਮ ਸਿਮਰਦਾ ਹੈ, ਨਾਮ ਜਪਦਾ ਹੈ, ਨਾਮ ਹੀ ਯਾਦ ਕਰਦਾ ਹੈ ਤੇ ਨਾਮ ਦੀ ਹੀ ਬਰਕਤਿ ਨਾਲ ਸੁਖ ਵਿਚ ਟਿਕਿਆ ਰਹਿੰਦਾ ਹੈ।

ਇਹ ਸੁਣਕੇ ਸਾਧੂ ਧੰਨ ਧੰਨ ਕਰ ਉਠੇ।

-----◈-----

## ਮੂਰਖ ਨੇ ਲੋਕ ਜਿਹੜੇ ਕਹਿੰਦੇ 7 ਧਰਤੀਆਂ, 7 ਦੀਪ ਤੇ 7 ਪਤਾਲ ਹਨ+

ਕਰਤਾਰਪੁਰ ਵਿਖੇ ਗੁਰੂ ਸਾਹਿਬ ਬਰਾਜਮਾਨ ਸਨ ਕਿ ਸਾਧੂਆਂ ਨੇ ਗੁਰੂ ਸਾਹਿਬ ਕੋਲੋ ਆ ਪੁੱਛਿਆ ਕਿ ਬਾਬਾ ਜੀ ਅਸਾਂ ਸੁਣਿਐ ਤੁਸੀ ਸਾਰੀ ਧਰਤੀ ਗਾਹ ਮਾਰੀ ਹੈ। ਕੀ ਇਹ ਗਲ ਸੱਚੀ ਹੈ ਕਿ ਕੁਲ 7 ਦੀਪ, 7 ਪਤਾਲ ਤੇ 7 ਅਕਾਸ ਨੇ?

ਗੁਰੂ ਸਾਹਿਬ ਨੇ ਕਿਹਾ ਇਹੋ ਜਿਹੀ ਗਲ ਕੋਈ ਮੂਰਖ ਹੀ ਕਹਿ ਸਕਦਾ ਹੈ ਕਿ ਐਨੀਆਂ ਧਰਤੀਆਂ ਐਨੇ ਅਕਾਸ਼ ਨੇ। ਕਰਤਾਰ ਦੀ ਰਚਨਾ ਬੇਅੰਤ ਹੈ ਤੇ ਖਾਸ ਗਲ ਇਹ ਕਿ ਸਾਡੀ ਸੋਚ ਤੋਂ ਇਹ ਪਰੇ ਦੀ ਗਲ ਹੈ। ਨਿਰੰਕਾਰ ਦੀ ਹਕੂਮਤ ਜਾਂ ਸ਼ਾਸਨ ਜਾਂ ਹੁਕਮ ਦਾ ਕੋਈ ਵੀ ਮਨੁੱਖੀ ਦਿਮਾਗ ਅੰਤ ਨਹੀ ਪਾ ਸਕਦਾ। ਜੇ ਇਸ ਤਰਾਂ ਕਰਨ ਦਾ ਕੋਈ ਉਪਰਾਲਾ ਕਰੇਗਾ ਤਾਂ ਉਹ ਘਾਹ ਤੇ ਪਤੇ ਤੱਕ ਦਾ ਵੀ ਅੰਤ ਨਹੀ ਪਾ ਸਕਦਾ ਧਰਤੀ ਤਾਂ ਬਹੁਤ ਬਹੁਤ ਦੂਰ ਦੀ ਗਲ ਹੈ।

ਅਜਿਹੀਆਂ ਗਿਣਤੀ ਮਿਣਤੀ ਦੀਆਂ ਗੱਲਾਂ ਐਵੇ ਝੱਲੇ ਲੋਕਾਂ ਦੀਆਂ ਝੱਲੀਆਂ ਹਨ। ਬਸ ਅਸੀ ਤਾਂ ਜਿੰਨਾ ਪ੍ਰਭੂ ਸਾਨੂੰ ਦਿਸਦਾ ਹੈ ਓਨੇ ਦੀ ਹੀ ਸਿਫਤ ਕਰ ਲਈਏ ਤਾਂ ਬਹੁਤ ਹੈ। ਨਿਰੰਕਾਰ ਤਾਂ ਬੇਅੰਤ ਹੈ।

ਸਾਹਿਬ ਸ਼ਬਦ ਗਾਵਿਆ:-

ਸਲੋਕ ਮਃ ੧ ॥ ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ ॥ ਸਭੇ ਰੁਤੀ ਮਾਹ ਸਭਿ ਸਭਿ ਧਰਤੀਂ ਸਭਿ ਭਾਰ ॥ ਸਭੇ ਪਾਣੀ ਪਉਣ ਸਭਿ ਸਭਿ ਅਗਨੀ ਪਾਤਾਲ ॥ ਸਭੇ ਪੁਰੀਆ ਖੰਡ ਸਭਿ ਸਭਿ ਲੋਅ ਲੋਅ ਆਕਾਰ ॥ ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ ॥ ਆਖਹਿ ਥਕਹਿ ਆਖਿ ਆਖਿ ਕਰਿ ਸਿਫਤੀਂ ਵੀਚਾਰ ॥ ਤ੍ਰਿਣੁ ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ ॥੧॥ ਮਃ ੧ ॥ ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥ ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥ ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥ ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥ ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥ ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥ ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥

-----◈-----

## ਜਦੋਂ ਬੰਦਾ ਹੁੰਦਾ ਓਦੋਂ ਰੱਬ ਨਹੀ ਹੁੰਦਾ।◈

ਕਰਤਾਰਪੁਰ ਹੀ ਸਾਹਿਬ ਬੈਠੇ ਸਨ ਕਿ ਇਕ ਦਿਨ ਕਿਸੇ ਨੇ ਸਵਾਲ ਕਰ ਦਿੱਤਾ ਕਿ ਜਦੋਂ ਬੰਦਾ ਰੱਬ ਨੂੰ ਪਹੁੰਚਦਾ ਤਾਂ ਉਹਦਾ ਵਿਹਾਰ ਕਿਓ ਬਦਲ ਜਾਂਦਾ ਹੈ? ਅਜਿਹਾ ਬੰਦਾ ਆਮ ਇਨਸਾਨ ਵਾਂਙ ਕਿਓ ਨਹੀ ਰਹਿ ਸਕਦਾ? ਕਈ ਵਾਰੀ ਦੁਨਿਆਵੀ ਲੋਕ ਫਿਰ ਅਜਿਹੇ ਬੰਦੇ ਬਾਰੇ ਕਹਿ ਦਿੰਦੇ ਨੇ ਵੇਖੋ ਜੀ ਫਲਾਣਾ ਕਿੰਨਾ ਝੱਲ ਖਲਾਰ ਰਿਹਾ ਹੈ।

ਗੁਰੂ ਸਾਹਿਬ ਨੇ ਸਮਝਾਇਆ ਕਿ ਰੱਬ ਦੀ ਪ੍ਰਾਪਤੀ ਹੀ ਖ਼ੁੱਦੀ ਦੇ ਮਿੱਟਣ ਤੇ ਹੁੰਦੀ ਹੈ। ਜਦੋਂ ਬੰਦੇ ਦੀ ਮੈਂ ਮਿੱਟ ਜਾਂਦੀ ਓਦੋਂ ਰੱਬ ਦੀ ਸਮਝ ਆਉਦੀ ਹੈ। ਸੋ ਜਦੋਂ ਬੰਦੇ ਵਿਚ ਹਉਮੈ ਹੀ ਨਹੀ ਹੋਵੇਗੀ ਤਾਂ ਉਹਦਾ ਵਿਹਾਰ ਤਾਂ ਦੂਸਰਿਆ ਨਾਲੋਂ ਵੱਖਰਾ ਹੋਵੇਗਾ ਹੀ। ਮਿਸਾਲ ਦੇ ਤੌਰ ਤੇ ਜੇ ਉਹਦਾ ਮੋਹ ਮੁੱਕ ਗਇਆ ਤਾਂ ਫਿਰ ਉਨੂੰ ਸਾਰੇ ਬੰਦੇ ਇਕੋ ਜਿਹੇ ਦਿਸਣਗੇ, ਚਾਹੇ ਕੋਈ ਪੁੱਤ ਹੋਵੇ ਤੇ ਭਾਵੇ ਕੋਈ ਓਪਰਾ ਹੋਵੇ। ਉਸ ਅਵਸਥਾ ਤੇ ਬੰਦੇ ਦਾ ਫਿਰ ਲਾਲਚ ਵੀ ਖਤਮ ਹੋ ਚੁੱਕਾ ਹੁੰਦਾ ਹੈ। ਮੁਕਦੀ ਗਲ ਇਹ ਕਿ ਰੱਬ ਨੂੰ ਪਹੁੰਚਿਆ ਬੰਦਾ ਫਿਰ ਬੰਦਾ ਰਹਿ ਹੀ ਨਹੀ ਜਾਂਦਾ।

ਸੋ ਜਦੋਂ ਰੱਬ ਪ੍ਰਗਟ ਹੁੰਦੈ ਓਦੋਂ ਬੰਦਾ ਮੁੱਕ ਚੁੱਕਾ ਹੁੰਦਾ। ਗੁਰੂ ਸਾਹਿਬ ਨੇ ਸਲੋਕ ਬੋਲਿਆ:-

ਸਲੋਕ ਮਃ ੧ ॥ ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥ ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥ ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸਭ ਮਾਹਿ ॥ ਸਤਿਗੁਰੁ ਮਿਲੈ ਤ ਜਾਣੀਐ ਜਾਂ ਸਬਦੁ ਵਸੈ ਮਨ ਮਾਹਿ ॥ ਆਪੁ ਗਇਆ ਭ੍ਰਮੁ ਭਉ ਗਇਆ ਜਨਮ ਮਰਨ ਦੁਖ ਜਾਹਿ ॥ ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥ ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥੧॥

-----◈-----

## ਬਾਬਾ ਜੀ ਇਹਦਾ ਕੀ ਮਤਲਬ, 'ਸਮੁੰਦ ਸਾਹ ਸੁਲਤਾਨ...'*

ਸਾਹਿਬ ਕਰਤਾਰਪੁਰ ਬੈਠੇ ਸਨ ਕਿ ਇਕ ਗੁਰਸਿਖ ਨੇ ਦੀਵਾਨ ਵਿਚ ਪੁੱਛ ਲਿਆ ਕਿ ਗੁਰੂ ਜੀ ਜਪੁਜੀ ਵਿਚ ਆਹ ਜਿਹੜੀ ਪੰਗਤੀ ਆਈ ਹੈ ਇਹਦਾ ਕੀ ਮਤਲਬ, "ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥ ?"

ਗੁਰੂ ਸਾਹਿਬ ਨੇ ਕਿਹਾ ਕਿ ਭਾਈ ਸਿੱਖਾ ਇਸ ਦਾ ਮਤਲਬ ਇਹ ਹੈ ਕਿ ਰੱਬ ਵਾਸਤੇ ਉਹ ਚੰਗਾ ਬੰਦਾ ਜਿਹੜਾ ਉਹਦੀ ਉਪਮਾ ਕਰੇ ਭਾਵੇ ਨਿਮਾਣਾ ਨਿਤਾਣਾ ਵੀ ਹੋਵੇ। ਕਰਤਾਰ ਦੇ ਦਰ ਤੇ ਬਾਦਸ਼ਾਹ ਸੁਲਤਾਨ ਨਾਲੋ ਕੀੜੇ ਮਕੌੜੇ ਦੀ ਜ਼ਿਆਦਾ ਇਜਤ ਹੋਵੇਗੀ ਜੇ ਉਹ ਰੱਬ ਦਾ ਨਾਂ ਲੈਂਦਾ ਹੈ ਤਾਂ। ਇਥੇ ਫਿਰ ਗੁਰੂ ਸਾਹਿਬ ਨੇ ਫਿਰ ਹੋਰ ਬਾਣੀ ਬੋਲ ਦਿੱਤੀ:-

ਮਃ ੧ ॥ ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥ ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥ ਅੰਧੀ ਫੂਕਿ ਮੁਈ ਦੇਵਾਨੀ ॥ ਖਸਮਿ ਮਿਟੀ ਫਿਰਿ ਭਾਨੀ ॥ ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥ ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥ ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ ॥ ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ ॥ ਅੰਧਾ ਕਿਸ ਨੋ ਬੁਕਿ ਸੁਣਾਵੈ ॥ ਖਸਮੈ ਮੂਲਿ ਨ ਭਾਵੈ ॥ ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥ ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥ ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥ ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥ ਮਖੀ ਮਿਠੈ ਮਰਣਾ ॥ ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥੨॥

-----◈-----

## ਜਦੋਂ ਬੰਦੇ ਨੇ ਧੀ ਮਾਰ 'ਤੀ ◘

ਜਦੋਂ ਕਰਤਾਰਪੁਰ ਬੱਧਾ ਤਾਂ ਗੁਰੂ ਸਾਹਿਬ ਨੂੰ ਦੋਦੇ ਪਿੰਡ ਦੇ ਦੋ ਕਿਸਾਨ ਭਰਾਵਾਂ ਦਾ ਆਪਸੀ ਪਿਆਰ ਤੇ ਇਮਾਨਦਾਰੀ ਵੇਖ ਕੇ ਬਹੁਤ ਚੰਗਾ ਲੱਗਾ ਸੀ। ਪਰ ਅੱਜਕਲ੍ਹ ਕਰਤਾਰਪੁਰ ਰਹਿੰਦਿਆ ਗੁਰੂ ਸਾਹਿਬ ਨੂੰ ਖਬਰ ਮਿਲੀ ਕਿ ਫਲਾਣੇ ਪਿੰਡ ਵਿਚ ਬੰਦੇ ਨੇ ਸ਼ਰੀਕੇ ਦੀਆਂ ਸੁਣੀ ਸੁਣਾਈਆਂ ਗੱਲਾਂ ਵਿਚ ਆ ਕੇ ਆਪਣੀ ਧੀ

ਹੀ ਮਾਰ ਦਿੱਤੀ ਹੈ ਕਿਉਕਿ ਲੋਕਾਂ ਦੀ ਨਿਗਾਹ ਵਿਚ ਉਹ ਬਦਚਲਣ ਸੀ। ਓਦੋਂ ਗੁਰੂ ਸਾਹਿਬ ਦੇ ਮੂੰਹੋ ਸਹਿਜ ਸੁਭਾਅ ਸਲੋਕ ਨਿਕਲਿਆ:-

ਨਾਨਕ ਦੁਨੀਆ ਕੈਸੀ ਹੋਈ ॥ ਸਾਲਕੁ ਮਿਤੁ ਨ ਰਹਿਓ ਕੋਈ ॥ ਭਾਈ ਬੰਧੀ ਹੇਤੁ ਚੁਕਾਇਆ ॥ ਦੁਨੀਆ ਕਾਰਣਿ ਦੀਨੁ ਗਵਾਇਆ ॥੫॥

-----◈-----

## ਸਾਧੂਆਂ ਪੁੱਛਿਆ, "ਬਾਬਾ ਜੀ ਤੁਸੀ ਇਸ ਮਨ ਨੂੰ ਕਿਵੇ ਮਾਰਿਆ?"**

ਸਾਹਿਬ ਨੇ ਜਵਾਬ ਦਿੱਤਾ, "ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ "

ਕਰਤਾਰਪੁਰ ਸਾਹਿਬ ਬਿਰਾਜਮਾਨ ਸਨ ਕਿ ਕੁਝ ਧਾਰਮਿਕ ਕਿਸਮ ਦੇ ਬੰਦੇ ਗੁਰੂ ਸਾਹਿਬ ਨੂੰ ਪੁੱਛਣ ਲੱਗੇ ਕਿ ਬਾਬਾ ਜੀ ਕਿਰਪਾ ਕਰਕੇ ਇਹ ਦੱਸੋ ਕਿ ਤੁਸੀ ਆਪਣੇ ਮੰਨ ਨੂੰ ਮਾਇਆ ਮੋਹ ਤੋਂ ਕਿਵੇ ਵਰਜਿਆ ਹੈ। ਇਹ ਮਨ ਗੁਰੂ ਸਾਹਿਬ ਨੇ ਸਮਝਾਇਆ ਕਿ ਇਹ ਪ੍ਰਾਪਤੀ ਗਿਆਨ ਨਾਲ ਹਾਸਲ ਹੋਈ ਹੈ। ਮੈਂ ਕਰਤੇ ਦੀ ਖੇਡ ਨੂੰ ਪਛਾਣ ਲਿਆ ਹੈ। ਹੁਣ ਖਾਸ ਕਰਕੇ ਮੇਰੇ ਮੰਨ ਵਿਚ ਮੌਤ ਦਾ ਭੈਅ ਨਹੀ ਰਹਿ ਗਿਆ। ਗਿਆਨ ਰਾਂਹੀ ਮੈਨੂੰ ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ ਕਹਾਣੀ ਸਮਝ ਆ ਗਈ ਹੈ। ਗੱਲ ਸਿੱਧੀ ਜਿਹੀ ਹੈ ਕਿ ਜਿੱਥੇ ਮਰਨ ਤੋਂ ਬਾਦ ਜਾਣਾ ਕਿਓ ਨਾਂ ਉਥੇ ਜੀਂਦੇ ਜੀ ਹੀ ਜਾਇਆ ਜਾਏ। ਜੋਗੀ ਜਿਹੜੇ ਅਨਹਦ ਸ਼ਬਦ ਦੇ ਵੱਜਣ ਦੀ ਗਲ ਕਰਦੇ ਹਨ ਉਹ ਗੁਰਬਾਣੀ ਤੇ ਨਿਰੰਕਾਰ ਦੀ ਵੀਚਾਰ ਸਦਕਾ ਹੀ ਪ੍ਰਾਪਤ ਹੋ ਗਏ ਹਨ। ਮੁਕਦੀ ਗਲ ਮੈਂ ਸੱਚ ਨੂੰ ਪਛਾਣ ਲਿਆ ਹੈ ਤੇ ਕਰਤਾਰ ਦੇ ਭੈਅ ਵਿਚ ਰਹਿੰਦਾ ਹਾਂ।

ਸਾਹਿਬ ਨੇ ਸ਼ਬਦ ਉਚਾਰਿਆ:-

ਸਿਰੀਰਾਗੁ ਮਹਲਾ ੧ ॥ ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥ ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥੧॥ ਜੀਅਰੇ ਰਾਮ ਜਪਤ ਮਨੁ ਮਾਨੁ ॥ ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥ ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥ ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ



ਗੁਰੂ ਸਾਹਿਬ ਦੀ ਪਹਿਨੀ ਸੇਲੀ ਟੋਪੀ, ਮਾਲਾ, ਪੋਥੀ ਤੇ ਗੋਦੜੀ ਕਰਤਾਰਪੁਰ ਦੁਆਬਾ ਵਿਖੇ।(ਇਹ ਤਸਵੀਰ ਫੇਸਬੁੱਕ ਤੋਂ ਲਈ।) ਫੇਸ ਬੁਕ ਅਨੁਸਾਰ ਇਹ ਵਸਤਾਂ ਗੁਰੂ ਹਰ ਸਹਾਇ ਦੇ ਸੋਢੀਆਂ ਕੋਲ ਹਨ ਪਰ ਸਾਈਕਲ ਯਾਤਰੀ- 302 ਅਨੁਸਾਰ ਇਹ ਕਰਤਾਰਪੁਰ ਦੁਆਬਾ ਵਿਖੇ ਮੌਜੂਦ ਹਨ। ਯਾਦ ਰਹੇ ਪੁਰਾਣੇ ਸਮਿਆਂ ਵਿੱਚ ਸਾਧੂਆਂ ਨੂੰ ਲੋਕ ਗੋਦੜੀ ਭੇਟ ਕਰਦੇ ਸਨ। ਸੇਲੀ ਟੋਪੀ ਪੁਰਾਣੇ ਜਮਾਨੇ ਵਿੱਚ ਸਾਧੂ ਫਕੀਰ ਵਾਲਾਂ ਦੇ ਉਤੇ ਸਰਦੀ ਤੋਂ ਬਚਣ ਲਈ ਪਾਇਆ ਕਰਦੇ ਸਨ। ਗੋਦੜੀ ਰੂੰ ਨਾਲ ਭਰਿਆ ਕੋਟ ਜਾਂ ਰਜਾਈ ਸਮਝੀ ਜਾਏ। ਜੋ ਸਾਧੂ ਆਪਣੇ ਨਾਲ ਹੀ ਲਈ ਫਿਰਦੇ ਹੁੰਦੇ ਸਨ।

ਮਾਰਿ ॥ ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥ ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥ ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥ ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥ ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥ ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥ ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥

-----◈-----

## ਜਦੋਂ ਬਾਬੇ ਨੇ ਬੇਇਨਸਾਫੀ ਖਿਲਾਫ ਰੱਬ ਨੂੰ ਉਲਾਹਮਾ ਦਿੱਤਾ••

ਗੁਰੂ ਸਾਹਿਬ ਕਰਤਾਰਪੁਰ ਬਰਾਜਮਾਨ ਸਨ ਕਿ ਕਿਸੇ ਨੇ ਅਜਿਹੀ ਗਲ ਦੱਸੀ ਕਿ ਸਰਕਾਰੀ ਅਹਿਲਕਾਰ ਕਿਵੇ ਜ਼ਾਲਮ ਹੋ ਗਏ ਨੇ। ਇਨਸਾਫ ਨਾਂ ਦੀ ਤਾਂ ਕੋਈ ਗਲ ਹੀ ਨਹੀ ਰਹਿ ਗਈ। ਅੱਜ ਇਨਸਾਫ ਵਿੱਕ ਰਿਹਾ ਹੈ। ਪੈਸਾ ਦਿਓ ਤੇ ਕਾਜੀ ਕੋਲੋ ਆਪਣੇ ਹੱਕ ਵਿਚ ਫੈਸਲਾ ਲੈ ਲਓ। ਰੱਬ ਦੇ ਪਾਏ ਵਾਸਤੇ ਨੂੰ ਕੋਈ ਨਹੀ ਮੰਨਦਾ। ਕਲਿਜੁਗ ਦਾ ਕੁਝ ਅਜਿਹਾ ਪਹਿਰਾ ਆਇਆ ਹੈ ਕਿ ਖੁਦ ਰਾਜਾ ਵੀ ਉਨ੍ਹੰ ਇਨਸਾਫ ਦਿੰਦਾ ਜਿਹੜਾ ਕੋਈ ਭੇਟ ਲੈ ਕੇ ਮਿਲਦਾ ਹੈ।

ਗੁਰੂ ਸਾਹਿਬ ਨੇ ਆਸਾ ਰਾਗ ਵਿਚ ਸਬਦ ਬੋਲਿਆ। ਚਾਰ ਚੁਫੇਰੇ ਧੰਨ ਗੁਰੂ ਨਾਨਕ, ਧੰਨ ਬਾਬਾ ਨਾਨਕ ਹੋ ਗਈ।

ਆਸਾ ਮਹਲਾ ੧ ॥ ਤਾਲ ਮਦੀਰੇ ਘਟ ਕੇ ਘਾਟ ॥ ਦੋਲਕ ਦੁਨੀਆ ਵਾਜਹਿ ਵਾਜ ॥ ਨਾਰਦੁ ਨਾਚੈ ਕਲਿ ਕਾ ਭਾਉ ॥ ਜਤੀ ਸਤੀ ਕਹ ਰਾਖਹਿ ਪਾਉ ॥੧॥ ਨਾਨਕ ਨਾਮ ਵਿਟਹੁ ਕੁਰਬਾਣੁ ॥ ਅੰਧੀ ਦੁਨੀਆ ਸਾਹਿਬੁ ਜਾਣੁ ॥੧॥ ਰਹਾਉ ॥ ਗੁਰੂ ਪਾਸਹੁ ਫਿਰਿ ਚੇਲਾ ਖਾਇ ॥ ਤਾਮਿ ਪਰੀਤਿ ਵਸੈ ਘਰਿ ਆਇ ॥ ਜੇ ਸਉ ਵਰ੍ਹਿਆ ਜੀਵਣ ਖਾਣੁ ॥ ਖਸਮ ਪਛਾਣੈ ਸੋ ਦਿਨੁ ਪਰਵਾਣੁ ॥੨॥ ਦਰਸਨਿ ਦੇਖਿਐ ਦਇਆ ਨ ਹੋਇ ॥ ਲਏ ਦਿੱਤੇ ਵਿਣੁ ਰਹੈ ਨ ਕੋਇ ॥ ਰਾਜਾ ਨਿਆਉ ਕਰੇ ਹਥਿ ਹੋਇ ॥ ਕਹੈ ਖੁਦਾਇ ਨ ਮਾਨੈ ਕੋਇ ॥੩॥ ਮਾਣਸ ਮੂਰਤਿ ਨਾਨਕੁ ਨਾਮੁ ॥ ਕਰਣੀ ਕੁਤਾ ਦਰਿ ਫੁਰਮਾਨੁ ॥ ਗੁਰ ਪਰਸਾਦਿ ਜਾਣੈ ਮਿਹਮਾਨੁ ॥ ਤਾ ਕਿਛੁ ਦਰਗਹ ਪਾਵੈ ਮਾਨੁ ॥੪॥੪॥

-----◈-----

## "ਵੱਡੇ ਵੱਡੇ ਸਮੁੰਦਰਾਂ ਵਿੱਚ ਵੀ ਟਾਪੂ ਵੀ ਬਰਕਰਾਰ ਰਹਿੰਦੇ ਨੇ"- ਗੁਰੂ ਜੀ ਨੇ ਅਬਦੁਲ ਰਹਿਮਾਨ ਦਾ ਹੰਕਾਰ ਭੰਨਿਆ⊙

ਕਰਤਾਰਪੁਰ ਤੋਂ 22 ਕਿ. ਮੀ. ਦੱਖਣ ਪਾਸੇ ਧਿਆਨਪੁਰ-ਕੋਟਲੀ ਦੇ ਲਾਗੇ ਹੈ ਪਿੰਡ ਡਾਲੇ ਚੱਕ (ਨਕਸ਼ਾ ਸੂਚਕ : 31.896885, 75.077377) ਹੈ। ਇਥੇ ਪੀਰ ਅਬਦੁਲ ਰਹਿਮਾਨ ਨੇ ਚਿਰੋਕਣਾ ਡੇਰਾ ਜਮਾਇਆ ਹੋਇਆ ਸੀ। ਪੀਰ ਜੀ ਦਾ ਮੇਲ ਪਹਿਲਾਂ ਇਕ ਵੇਰਾਂ ਗੁਰੂ ਸਾਹਿਬ ਨਾਲ ਪਸਰੂਰ ਵਿਖੇ ਵੀ ਹੋ ਚੁੱਕਾ ਸੀ। (ਇਥੇ ਯਾਦਗਾਰੀ ਗੁਰਦੁਆਰਾ ਵੀ ਹੁੰਦਾ ਸੀ। ਵੇਖੋ ਸਫਾ 373)

ਇਹ ਉਹਨਾਂ ਦਿਨਾਂ ਦੀ ਗਲ ਹੈ (1535-36 ਈ.) ਜਦੋਂ ਗੁਰੂ ਸਾਹਿਬ ਕਰਤਾਰਪੁਰ ਵਿਖੇ ਨਿਵਾਸ ਕਰਦੇ ਸਨ।

ਇੱਕ ਦਿਨ ਪੀਰ ਅਬਦੁਲ ਰਹਿਮਾਨ ਦੀ ਮਜਲਸ ਵਿੱਚ ਹੀ ਕਿਸੇ ਮੁਰੀਦ ਨੇ ਕਿਹਾ ਕਿ ਪੀਰ ਜੀ ਤੁਹਾਨੂੰ ਤਾਂ ਕੋਈ ਪੁੱਛਦਾ ਵੀ ਨਹੀ। ਤੁਹਾਡੇ ਗਵਾਂਢ ਵਿੱਚ ਹੀ, ਪੱਖੋਕਿਆਂ ਲਾਗੇ, ਸਾਰੀ ਲੋਕਾਈ ਤਾਂ ਹਿੰਦੂ ਦਰਵੇਸ਼ ਬਾਬੇ ਨਾਨਕ ਦੇ ਢੁਕ ਰਹੀ ਹੈ।

ਇਸ ਤੇ ਪੀਰ ਨੇ ਹੰਕਾਰ ਵਿੱਚ ਆ ਕੇ ਕਿਹਾ, "ਹਾਹੋ! ਉਸ

ਕਰਾੜ (ਬਾਣੀਏ) ਨੇ ਪਾਅ ਕੁ ਘਿਓ ਇਕੱਠਾ ਕਰ ਹੀ ਲਿਆ ਵਾ। ਮੌਕਾ ਆਉਣ ਤੇ ਇਓ ਪੀ ਲਵਾਂਗੇ ਜਿਵੇ ਸਬਜੀ ਤੇ ਨਿੰਬੂ ਨਿਚੋੜ ਕੇ ਫੋਗ ਪਰਾਂ ਸੁੱਟ ਦਈਦਾ ਵਾ। "**

ਜਾਣੀ ਜਾਣ ਗੁਰੂ ਨੇ ਇਕ ਦਿਨ ਦੋ ਕੁ ਸੇਰ ਘਿਓ ਲਿਆ ਤੇ ਭਾਈ ਅਜਿਤੇ ਰੰਧਾਵੇ ਨੂੰ ਨਾਲ ਲੈ ਕੇ ਡਾਲੇ ਚੱਕ ਵਲ ਰਵਾਨਾ ਹੋ ਗਏ। ਡਾਲੇ ਚੱਕ ਜਾ, ਗੁਰੂ ਸਾਹਿਬ ਪਿੰਡ ਦੇ ਬਾਹਰਵਾਰ ਜਾ ਬੈਠੇ। ਗੁਰੂ ਸਾਹਿਬ ਨੇ ਅਜਿਤੇ ਨੂੰ ਪਿੰਡ ਪੀਰ ਵਲ ਭਾਵ ਡਾਲੇ ਚੱਕ ਭੇਜਿਆ ਕਿ ਜਾਓ ਜਾ ਕੇ ਪੀਰ ਨੂੰ ਸਾਡੀ ਸਲਾਮ ਕਹੋ।

ਅਜਿੱਤਾ ਜਾ ਪੀਰ ਨੂੰ ਡਾਲੇ ਚੱਕ ਮਿਲਿਆ ਅਤੇ ਦੱਸਿਆ ਕਿ ਪੀਰ ਜੀ ਬਾਬਾ ਨਾਨਕ ਤੁਹਾਨੂੰ ਦੁਆ ਸਲਾਮ ਕਹਿੰਦਾ ਹੈ ਤੇ ਪਿੰਡੋਂ ਬਾਹਰਵਾਰ ਬੈਠਾ ਹੈ, ਤੁਹਾਨੂੰ ਮਿਲਣ ਆਇਆ ਹੈ।

ਪੀਰ ਨੂੰ ਇਹ ਸੁਣ ਕੇ ਚਾਅ ਚੜ੍ਹ ਗਇਆ। ਕਿਉਂਕਿ ਉਦੋਂ ਤਕ ਬਾਬੇ ਨਾਨਕ ਨੂੰ ਸਾਰੀ ਦੁਨੀਆ ਮੰਨ ਚੁੱਕੀ ਸੀ ਕਿ ਬਾਬਾ ਰੱਬ ਦਾ ਰੂਪ ਹੈ।

ਪੀਰ ਖ਼ੁੱਦ ਬਾਬੇ ਨੂੰ ਲੈਣ ਗਇਆ।

ਬਾਬੇ ਕੋਲ ਪਹੁੰਚ ਦੁਆ ਸਲਾਮ ਕੀਤੀ ਅਤੇ ਜਿਥੇ ਬੰਨੇ ਤੇ ਬਾਬਾ ਬੈਠਿਆ ਸੀ ਉਥੇ ਹੀ ਦੋਨੋਂ ਬਹਿ ਗਏ। ਗੁਰੂ ਸਾਹਿਬ ਬਹੁਤ ਪਿਆਰ ਸਤਿਕਾਰ ਨਾਲ ਪੀਰ ਨੂੰ ਮਿਲੇ।

ਅਬਦੁਲ ਰਹਿਮਾਨ ਗੁਰੂ ਜੀ ਨੂੰ ਡਾਲੇ ਚੱਕ ਆਪਣੇ ਹੁਜਰੇ ਤੇ ਲੈ ਗਇਆ । ਕਹਿਣ ਲੱਗਾ ਮੇਰੇ ਧੰਨ ਭਾਗ ਬਾਬਾ ਨਾਨਕ ਜੀ ਪਧਾਰੇ ਨੇ।

ਗੁਫਤਗੂ ਸ਼ੁਰੂ ਹੋਈ। ਇਕ ਦੂਸਰੇ ਦੀ ਰਾਜੀ ਬਾਜੀ ਪੁੱਛੀ। ਮੁਸਕਰਾਉਂਦੇ ਹੋਏ ਪੀਰ ਨੇ ਪੁੱਛਿਆ "ਬਾਬਾ ਜੀ ਆਹ ਕੁੱਜਾ ਕਿਓ ਚੁੱਕੀ ਫਿਰਦੇ ਹੋ?" ਇਹ ਸਵਾਲ ਨਹੀ ਸੀ, ਤਾਨਾ ਸੀ। ਕਿਉਂਕਿ ਸਾਧੂ ਫਕੀਰਾਂ 'ਚ ਮੰਨਤ ਹੈ ਕਿ 'ਪੱਲੇ ਰਿਜਕ ਨਾਂ ਬੰਨਦੇ ਪੰਛੀ ਤੇ ਦਰਵੇਸ਼' । ਪੀਰ ਨੂੰ ਲੱਗਾ ਸੀ ਕਿ ਬਾਬਾ ਨਾਨਕ ਨੂੰ ਕਿਸੇ ਨੇ ਘਿਓ ਭੇਟ ਕੀਤਾ ਹੈ ਤੇ ਬਾਬਾ ਉਹ ਘਿਓ ਵਾਲੀ ਮੱਘੀ ਚੁੱਕੀ ਫਿਰਨ ਡਿਹਾ ਹੈ।

ਗੁਰੂ ਸਾਹਿਬ ਨੇ ਬੜੀ ਹਲੀਮੀ ਨਾਲ ਕਿਹਾ "ਨਹੀ ਪੀਰ ਜੀ, ਇਹ ਘਿਓ ਤੁਹਾਡੇ ਵਾਸਤੇ ਲੈ ਕੇ ਆਇਆ ਹਾਂ। ਲੰਮੇ ਸਮੇ ਤੋਂ ਪਲੀ ਪਲੀ ਕਰਕੇ ਜੋੜਿਆ ਹੈ। ਤੁਸੀ ਇਹਨੂੰ ਇਵੇ ਛੱਕ ਜਾਓ ਜਿਵੇ ਸਲੂਣੇ ਉੱਤੇ ਨਿੰਬੂ ਨਿਚੋੜ ਲਈਦਾ ਹੈ। "◘

ਗੁਰੂ ਸਾਹਿਬ ਨੇ ਘਿਓ ਦਾ ਕੁੱਜਾ ਪੀਰ ਦੇ ਅੱਗੇ ਰੱਖ ਦਿੱਤਾ।

ਇਹ ਸੁਣ ਕੇ ਪੀਰ ਦਾ ਆਪਣਾ ਪਾਲਾ ਕੰਬ ਉਠਿਆ ਅਤੇ ਉਹਨੂੰ ਆਪਣੀ ਕਹੀ ਹੰਕਾਰ ਵਾਲੀ ਗਲ ਯਾਦ ਆ ਗਈ। ਪੀਰ ਪਾਣੀਓ ਪਾਣੀ ਹੋ ਗਿਆ। ਕੋਈ ਗਲ ਨਾਂ ਆਓੜੇ। ਸ਼ਰਮਿੰਦੇ ਹੋਏ ਪੀਰ ਨੇ ਕੁੱਜਾ ਮੋੜਦੇ ਹੋਏ ਕਿਹਾ "ਨਹੀ, ਨਹੀ! ਬਾਬਾ ਜੀ ਇਹ ਤੁਹਾਡਾ ਘਿਓ ਤੁਹਾਨੂੰ ਹੀ ਮੁਬਾਰਿਕ। ਉਹ ਤਾਂ ਐਵੇ ਹਾਸੇ ਮਖੌਲ ਵਿਚ ਚੰਚਲ ਮੁਰੀਦ ਨੂੰ ਕਹਿ ਦਿਤਾ ਸੀ। ਤੁਹਾਡਾ ਘਿਓ ਤਾਂ ਜੁਗਾਂ ਜੁਗਾਂ ਤਕ ਅਟੱਲ ਹੈ। " ਕਹਿੰਦਿਆਂ ਬੜੀ ਹਲੀਮੀ ਨਾਲ ਕੁਜਾ ਮੋੜ ਦਿੱਤਾ।

ਗੁਰੂ ਸਾਹਿਬ ਨੇ ਕਿਹਾ "ਏਹੋ ਜਿਹੇ ਹੰਕਾਰ ਵਾਲੇ ਬੋਲ ਤੁਹਾਡੇ ਵਰਗੇ ਦਰਵੇਸ਼ਾਂ ਨੂੰ ਕਦੋਂ ਸੋਭਦੇ ਨੇ। ਮੀਆਂ ਜੀ ਵੇਖੋ ਨਾਂ ਵੱਡੇ ਸਮੁੰਦਰਾਂ ਵਿੱਚ ਵੀ ਕਿਤੇ ਕਿਤੇ ਛੋਟੇ ਛੋਟੇ ਟਾਪੂ ਵੀ ਬਚੇ ਰਹਿੰਦੇ ਨੇ। "◆

ਪੀਰ ਲਾਜਵਾਬ ਸੀ।

ਇਹ ਪੀਰਾਂ ਦੀਆਂ ਆਪਸੀ ਰਮਜਾਂ ਸਨ। ਜਿੰਨਾਂ ਦਾ ਮਤਲਬ ਸੀ:

ਪਹਿਲਾਂ ਜਿਹੜੀ ਪੀਰ ਨੇ ਫੜ ਮਾਰੀ ਸੀ ਕਿ ਸਾਰਾ ਘਿਓ ਪੀ ਲਵਾਂਗੇ, ਇਸਦਾ ਮਤਲਬ ਕਿ ਨਾਨਕ ਨੇ ਕੁਝ ਲੋਕ ਜੋੜ ਲਏ ਨੇ ਉਹ ਬਾਬੇ ਦੇ ਜਾਣ ਤੋਂ ਬਾਦ ਸਭ ਨੂੰ ਇਸਲਾਮ ਵਿਚ ਜ਼ਜ਼ਬ ਕਰ ਲਿਆ ਜਾਵੇਗਾ। ਮਤਲਬ ਬਾਬੇ ਦੇ ਚਲਾਣੇ ਤੋਂ ਬਾਦ ਕਿਸੇ ਨੇ ਨਹੀ ਬਾਬੇ ਦੇ ਫਿਰਕੇ ਦਾ ਨਾਂ ਲੈਣਾ।

ਗੁਰੂ ਸਾਹਿਬ ਨੇ ਜੋ ਜਵਾਬ ਦਿਤਾ ਉਹਦਾ ਮਤਲਬ ਕਿ ਜਿਵੇ ਸਮੁੰਦਰ ਵਿੱਚ ਟਾਪੂ ਬਰਕਰਾਰ ਰਹਿੰਦੇ ਹਨ ਏਸੇ ਤਰਾਂ ਸਿੱਖੀ ਦੇ ਟਾਪੂ ਵੀ ਇਸਲਾਮ ਜਾਂ ਹਿੰਦੂਧਰਮ ਦੇ ਮਹਾਂ ਸਾਗਰਾਂ ਵਿੱਚ ਮੌਜੂਦ ਰਹਿਣਗੇ। ਇਨਾਂ ਨੂੰ ਕੋਈ ਨਹੀ ਹਿਲਾ ਸਕੇਗਾ।

ਲਗ ਪਗ ਹਫਤਾ ਭਰ ਗੁਰੂ ਸਾਹਿਬ ਅਬਦੁਲ ਰਹਿਮਾਨ ਕੋਲ ਹੀ ਰਹੇ। ਬੜੇ ਕੌਤਕ ਕੀਤੇ ਗੁਰੂ ਸਾਹਿਬ ਨੇ। ਗੁਰੂ ਜੀ ਦੇ ਸਾਹਮਣੇ ਪੀਰ ਆਪਣੇ ਆਪ ਨੂੰ ਬਿਲਕੁਲ ਖਾਲੀ ਹੋਇਆ ਮਹਿਸੂਸ ਕਰ ਰਿਹਾ ਸੀ। ਪੀਰ ਆਖਿਰ ਗੁਰੂ ਸਾਹਿਬ ਅੱਗੇ ਪੂਰੀ ਤਰਾਂ ਵਿਛ ਗਇਆ। ਗੁਰੂ ਸਾਹਿਬ ਨੇ ਕਿਹਾ ਕਿ ਨਹੀ ਤੁਸੀ ਇਸਲਾਮ ਵਿਚ ਹੀ ਸੋਭਦੇ ਹੋ। ਗੁਰੂ ਸਾਹਿਬ ਕਿਸੇ ਦਾ ਧਰਮ ਤਬਦੀਲ ਨਹੀ ਸਨ ਕਰਦੇ।




ਪੈੜ ਸ੍ਰੋਤ

⊙ਸੋਢੀ 2-476,

○ ਸੋਢੀ 2-514 ਨੇ ਕਰਤਾਰਪੁਰ ਤੋਂ ਜੋ ਦੂਰੀ ਦਿਤੀ ਹੈ (ਕੋਸ ਪੰਜ ਸੱਤ) ਉਹ ਕਲਾਨੌਰ ਤੇ ਹੀ ਸਹੀ ਬੈਠਦੀ ਹੈ। ਫਿਰ ਕਲਾਨੌਰ ਦੇ ਇਲਾਕੇ ਵਿਚ ਤੁਲੀ ਗੋਤ ਦੇ ਖੱਤਰੀਆਂ ਦਾ ਬਹੁਮਤ ਹੁੰਦਾ ਸੀ। ਨੇੜੇ ਹੀ ਰਸਤੇ ਵਿਚ 7 ਕਿ. ਮੀ ਤੇ ਪਿੰਡ ਭਗਠਾਣਾ ਤੁੱਲੀਆਂ ਹੈ। ਜਿਥੇ ਪੁਰਾਤਨ ਥੇਹ ਵੀ ਹੈ। ਅੱਜ ਪਿੰਡ ਵਿਚ ਖਤਰੀ ਨਹੀ ਬਚੇ। ਸਭ ਸ਼ਹਿਰਾਂ 'ਚ ਵੱਸ ਚੁੱਕੇ ਹਨ।

■ ਸੋਢੀ 2-552, ● ਸੋਢੀ 2-543, ◆ ਸੋਢੀ 2-550, ✚ ਸੋਢੀ 2- 558,

◈ ਸੋਢੀ 2- 569, * ਸੋਢੀ 2- 575, ** ਸੋਢੀ 2- 590, ◆◆ ਸੋਢੀ 2-594

◘◘ ਸੋਢੀ 2-572, ਨੇ ਇਸ ਸਲੋਕ ਦੀ ਵਿਆਖਿਆ 'ਚ ਇਸਨੂੰ ਭਰਾਵਾਂ ਦਾ ਆਪਸੀ ਲੜਾਈ ਝਗੜਾ ਦੱਸਿਆ ਹੈ। ਸੋਢੀ ਨੂੰ ਲਗਦਾ ਹੈ ਕਿ ਇਕ ਭਰਾ ਨੇ ਦੂਸਰੇ ਦੇ ਪੈਸੇ ਮਾਰ ਲਏ ਹਨ। ਪਰ ਜੇ ਗੌਰ ਨਾਲ ਵੇਖੋ ਤਾਂ ਪਤਾ ਲਗਦਾ ਹੈ ਕਿ ਗਲ ਕੁਝ ਹੋਰ ਹੈ, ਕਿਉਂਕਿ ਸ਼ਬਦ ਵਿਚ ਸਾਫ ਆਇਆ ਹੈ, "ਦੁਨੀਆ ਕਾਰਣਿ ਦੀਨੁ ਗਵਾਇਆ ॥" ਜਿਸ ਦਾ ਮਤਲਬ ਹੈ ਕਿ ਕਿਸੇ ਨੇ ਆਪਣਾ ਨੱਕ ਰੱਖਣ ਜਾਂ ਲੋਕ ਲਾਜ ਖਾਤਰ ਕੋਈ ਪਾਪ/ਗੁਨਾਹ ਕੀਤਾ ਹੈ। ਖ਼ੂਨ ਦੇ ਰਿਸ਼ਤੇ ਦੀ ਵੀ ਪ੍ਰਵਾਹ ਨਹੀ ਕੀਤੀ। ਅਜਿਹਾ ਗੁਨਾਹ ਜਿਸ ਵਿਚ ਰਿਸ਼ਤੇ ਨੂੰ ਵੀ ਤਾੜ ਤਾੜ ਕੀਤਾ ਤੇ ਰੱਬ ਦੀ ਦਰਗਾਹ ਵਿਚ ਵੀ ਕਸੂਰਵਾਰ ਠਹਿਰਾਇਆ ਜਾਏਗਾ। ਅਜਿਹਾ ਗੁਨਾਹ ਪੰਜਾਬ ਦੇ ਜੱਟ ਗੁਪਤ ਪ੍ਰੇਮ ਸਬੰਧਾਂ (ਚੋਰੀ ਯਾਰੀ) ਦੇ ਨੰਗਾ ਹੋਣ ਤੇ ਹੀ ਕਰਦੇ ਹਨ। ਕਈ ਨਜਾਇਜ ਸਬੰਧ ਕਰਕੇ ਘਰਵਾਲੀ ਵੀ ਮਾਰ ਦਿੱਤੀ ਜਾਂਦੀ ਹੈ। ਪਰ ਇਥੇ ਗੁਰੂ ਸਾਹਿਬ ਖ਼ੂਨ ਦੇ ਰਿਸ਼ਤੇ ਦੀ ਗਲ ਕਰ ਰਹੇ ਹਨ ਜੋ ਸਿਰਫ ਧੀ ਭੈਣ ਹੀ ਹੋ ਸਕਦੀ ਹੈ।



ਪਿੰਡ ਡਾਲੇਚੱਕ ਦਾ ਗੁਰੂ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ। ਹੇਠਾਂ ਪੀਰ ਅਬਦੁਲ ਰਹਿਮਾਨ ਦੀ ਮਜਾਰ ਦੇ ਬਾਹਰ ਬੋਹੜ ਦਾ ਪੁਰਾਤਨ ਰੁੱਖ।

ਮੀਆਂ ਮਿੱਠੇ ਦਾ ਕਠਿਆਲਾ ਨਾਂ ਦੇ ਪਿੰਡ ਵਿੱਚ ਵੀ ਪੀਰ ਅਬਦੁਲ ਰਹਿਮਾਨ ਦਾ ਟਿਕਾਣਾ ਹੁੰਦਾ ਸੀ। ਇਹ ਪਿੰਡ ਡੇਰਾ ਬਾਬਾ ਨਾਨਕ - ਫਤਹਿਗੜ੍ਹ ਚੂੜੀਆਂ ਸੜਕ ਅੱਡਾ ਰਾਮਾ ਤਲਵੰਡੀ ਤੋਂ ਕਿਲੋ ਮੀਟਰ ਲਹਿੰਦੇ ਪਾਸੇ ਹੈ। ਗੁਰੂ ਜੀ ਜਦੋਂ ਡਾਲੇ ਚੱਕ ਤੋਂ ਕਰਤਾਰਪੁਰ ਨੂੰ ਪਰਤੇ ਤਾਂ ਪੀਰ ਕਠਿਆਲੇ ਆ ਗਇਆ। ਡਾਲੇ ਚੱਕ ਤੋਂ ਕਠਿਆਲਾ 13 ਕਿ. ਮੀ. ਲਹਿੰਦੇ ਵਿਚ ਹੈ। ਜਦੋਂ ਕਿ ਕਰਤਾਰਪੁਰ ਤੋਂ ਡਾਲੇ ਚੱਕ ਦੱਖਣ ਵਿਚ 22 ਕਿ. ਮੀ. ਹੈ।

ਏਸੇ ਪੀਰ ਦਾ ਚੇਲਾ 'ਮਿੱਠਾ' ਨਾਂ ਦਾ ਸਿਆਲ ਖੱਤਰੀ (ਦੇਹਾਂਤ 1601 ਈ) ਹੋਇਆ ਹੈ।+ ਪੀਰ ਅਬਦੁਲ ਰਹਿਮਾਨ ਜਦੋਂ ਆਪਣੇ ਡੇਰੇ ਪਹੁੰਚਿਆ ਤਾਂ ਉਸਦਾ ਰੰਗ ਢੰਗ ਕੁਝ ਵੱਖਰਾ ਹੀ ਸੀ। ਚੇਲਾ ਪੀਰ ਨੂੰ ਵੱਖਰੇ ਅੰਦਾਜ਼ ਵਿਚ ਵੇਖ ਕੇ ਬੋਲ ਉਠਿਆ, "ਪੀਰ ਜੀ ਕੀ ਗਲ ਹੈ ਅੱਜ ਬੜੇ ਰੰਗ ਵਿਚ ਨਜ਼ਰ ਆ ਰਹੇ ਹੋ?" ਪੀਰ ਨੇ ਦੱਸਿਆ ਕਿ 'ਮੈਨੂੰ ਬਾਬੇ ਨਾਨਕ ਦੀ ਸੰਗਤ ਕਰਨ ਦਾ ਮੌਕਾ ਮਿਲਿਆ। ਬਾਬਾ ਜੀ ਖੁੱਦ ਹੀ ਚਲ ਕੇ ਡਾਲੇ ਚੱਕ ਆ ਗਏ ਸਨ।'

ਪੀਰ ਨੇ ਗੁਰੂ ਸਾਹਿਬ ਦੀ ਏਨੀ ਉਸਤਤ ਕੀਤੀ ਕਿ ਚੇਲੇ ਦਾ ਮੰਨ ਵੀ ਕਰ ਆਇਆ ਕਿ ਗੁਰੂ ਸਾਹਿਬ ਦੇ ਦਰਸ਼ਨ ਕਰਾਂ। ਉਹ ਵੀ ਇਕ ਦਿਨ ਕਠਿਆਲੇ ਤੋਂ ਕਰਤਾਰਪੁਰ ਸਾਹਿਬ ਚਲਾ ਗਇਆ।


ਜਦੋਂ ਮੀਆਂ ਮਿੱਠਾ ਕਰਤਾਰਪੁਰ ਸੰਗਤ ਕਰ ਰਿਹਾ ਸੀ ਤਾਂ ਇਕ ਮੌਕੇ ਕੀਰਤਨੀਆਂ ਨੇ ਸ਼ਬਦ ਲਾਇਆ: ਸਿਰੀਰਾਗੁ ਮਹਲਾ ੧ ॥ **ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥** (ਪੂਰਾ ਸ਼ਬਦ ਸਫਾ 59 ਤੇ ਵੇਖੋ)

ਇਹ ਸ਼ਬਦ ਅਕਸਰ ਕਰਤਾਰਪੁਰ ਗਾਇਆ ਜਾਂਦਾ ਹੁੰਦਾ ਸੀ ਤੇ ਸਾਰੀ ਸੰਗਤ ਝੂਮ ਉਠਿਆ ਕਰਦੀ ਸੀ। ਮੀਆਂ ਮਿੱਠਾ ਹੈਰਾਨ ਸੀ ਕਿ ਕਿਵੇ ਸਿੱਖ ਸੰਗਤਾਂ ਰੰਗ ਵਿਚ ਆ ਗਈਆਂ ਸਨ।

ਪਰ ਜਿਵੇ ਮਿੱਠੇ ਨੇ ਸ਼ਬਦ ਦੇ ਅਗਲੇ ਬੋਲ ਸੁਣੇ, "ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥" ਤਾਂ ਉਸ ਨੂੰ ਗੁੱਸਾ ਆ ਗਇਆ ਕਿ 'ਸਿੱਖ ਇਹ ਕੀ ਕੁਫਰ ਬੋਲ ਰਹੇ ਨੇ, ਸੌ ਅਸਮਾਨੀ ਜਾਣ ਦਾ। ਜਦੋਂ ਕਿ ਸਭ ਦੁਨੀਆਂ ਜਾਣਦੀ ਹੈ ਕਿ ਅਸਮਾਨ ਸਿਰਫ 7 ਨੇ ਤੇ ਪਤਾਲ ਵੀ 7 ਨੇ।'

ਸ਼ਬਦ ਦੀ ਸਮਾਪਤੀ ਤੋਂ ਬਾਦ ਮਿੱਠੇ ਨੇ ਸੰਗਤ ਵਿਚ ਕਿਸੇ ਮੋਹਤਬਰ ਸਿੱਖ ਨਾਲ ਗਲ ਕੀਤੀ ਕਿ ਤੁਸੀ ਆਹ ਕੀ ਗਾ ਰਹੇ ਸੋ 100 ਅਸਮਾਨਾਂ ਵਾਲੀ ਗਲ। ਸਿੱਖ ਨੇ ਮਿੱਠੇ ਨੂੰ ਸਮਝਾਇਆ ਕਿ ਗੁਰੂ ਸਾਹਿਬ ਦਾ ਮੰਨਣਾ ਹੈ ਕਿ ਅਕਾਲ ਪੁਰਖ ਦੀ ਸ੍ਰਿਸ਼ਟੀ ਅਥਾਹ ਅਤੇ ਅਨੰਤ ਹੈ, ਅਨੇਕਾਂ ਹੀ ਅਸਮਾਨ ਨੇ ਅਨੇਕਾਂ ਹੀ ਪਾਤਾਲ ਨੇ। ਮਿੱਠਾ ਕਹਿਣ ਲੱਗਾ ਕਿ ਦੁਨੀਆਂ ਦੇ ਸਾਰੇ ਫਲਸਫੇ ਮੰਨਦੇ ਹਨ ਕਿ ਅਸਮਾਨ 7 ਹਨ ਫਿਰ ਤੁਸੀ ਇਹ ਕੁਫਰ ਕਿਓ ਤੋਲਦੇ ਹੋ। ਇਸ ਤੇ ਮਿੱਠੇ ਅਤੇ ਗੁਰਸਿੱਖ ਵਿਚ ਕੁਝ ਕਹਾ ਸੁਣੀ ਹੋ ਗਈ। ਮਿੱਠਾ ਮੂੰਹ ਲਵੇਟ ਕੇ ਕਠਿਆਲੇ ਪਰਤ ਆਇਆ।

ਆ ਕੇ ਆਪਣੇ ਪੀਰ ਅੱਗੇ ਸ਼ਕਾਇਤ ਕੀਤੀ ਕਿ ਜਿਥੇ ਤੁਸੀ ਮੈਨੂੰ ਭੇਜਿਆ ਉਹ ਤਾਂ ਝੂਠੇ ਲੋਕ ਨੇ। ਸਾਰੀ ਗਲ ਦੱਸੀ। ਇਸ ਤੇ ਪੀਰ ਅਬਦੁਲ ਰਹਿਮਾਨ ਨੇ ਮਿੱਠੇ ਨੂੰ ਸਮਝਾਇਆ ਕਿ 'ਮਿੱਠਾ ਜੇ ਕਿਸੇ



ਗੁਰੂ ਸਾਹਿਬ, ਪੀਰ ਅਬਦੁਲ ਰਹਿਮਾਨ, ਭਾਈ ਮਰਦਾਨਾ ਅਤੇ ਮੀਆਂ ਮਿੱਠਾ। ਬੀ:40 ਤਸਵੀਰ। ਇਤਹਾਸਿਕ ਤੌਰ ਤੇ ਤਸਵੀਰ ਵਿਚ ਗਲਤੀ ਹੈ। ਕਿਉਂਕਿ ਪੀਰ ਜੀ ਨਾਲ ਡਾਲੇ ਚੱਕ ਮਿਲਾਪ ਭਾਈ ਮਰਦਾਨੇ ਦੇ ਚਲਾਣੇ ਤੋਂ ਬਾਦ ਹੁੰਦਾ ਹੈ। ਇਸ ਸਾਖੀ ਵੇਲੇ ਅਜਿੱਤਾ ਰੰਧਾਵਾ ਗੁਰੂ ਸਾਹਿਬ ਨਾਲ ਸੀ।

ਦੀ ਪਹੁੰਚ 7 ਅਸਮਾਨਾਂ ਤਕ ਸੀ ਤਾਂ ਉਸ ਨੇ 7 ਦੱਸੇ ਨੇ ਜੇ ਕੋਈ ਸੈਂਕੜੇ ਜਾਂ ਬੇਅੰਤ ਅਸਮਾਨਾਂ ਤਕ ਪਹੁੰਚ ਸਕਿਆ ਹੈ ਤਾਂ ਉਸ ਨੇ ਬੇਅੰਤ ਦੱਸੇ ਨੇ। ਸੋ ਇਸ ਗਲ ਵਿਚ ਕੋਈ ਝੂਠਾ ਜਾ ਸੱਚਾ ਨਹੀ। ਗੁਰੂ ਸਾਹਿਬ ਨੇ ਸ੍ਰਿਸ਼ਟੀ ਅਨੰਤ ਪਾਈ ਹੈ। '

ਪੀਰ ਨੇ ਮਿੱਠੇ ਨੂੰ ਕਿਹਾ ਕਿ ਤੂੰ ਗੁਨਾਹ ਕਰ ਆਇਆ ਹੈ ਜਿਹੜਾ ਉਥੇ ਸਿੱਖ ਨਾਲ ਝਗੜ ਕੇ ਆਇਆ ਹੈਂ। ਤੈਨੂੰ ਨਹੀ ਅਹਿਸਾਸ ਗੁਰੂ ਸਾਹਿਬ ਖ਼ੁੱਦਾ ਦਾ ਰੂਪ ਨੇ। ਚਲ ਮੇਰੇ ਨਾਲ ਤੈਨੂੰ ਉਸ ਘਰ ਤੋਂ ਬਖਸ਼ਵਾ ਕੇ ਲਿਆਉਦਾ ਹਾਂ।

ਪੀਰ ਤੇ ਮਿੱਠਾ ਫਿਰ ਅਗਲੇ ਦਿਨ ਕਰਤਾਰਪੁਰ ਪਹੁੰਚੇ। ਗੁਰੂ ਸਾਹਿਬ ਨੇ ਬੜੇ ਪਿਆਰ ਨਾਲ ਦੋਵਾਂ ਨੂੰ ਜੀ ਆਇਆ ਕਿਹਾ।

ਗਲ ਬਾਤ ਸ਼ੁਰੂ ਹੋਈ ਤਾਂ ਪੀਰ ਨੇ ਆਉਣ ਦਾ ਮਕਸਦ ਦੱਸਿਆ। ਪਰ ਮਿੱਠੇ ਨੇ ਫਿਰ ਤਿੱਖੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਇਸ ਤੇ ਗੁਰੂ ਸਾਹਿਬ ਦੇ ਮੂੰਹੋ ਮਿੱਠੇ ਲਈ ਕੁਝ ਸਖਤ ਬਚਨ ਨਿਕਲ ਗਏ। ਪੀਰ ਤੜਫ ਉਠਿਆ। ਉਸ ਨੇ ਮਿੱਠੇ ਨੂੰ ਸਮਝਾਇਆ ਕਿ ਕੀ ਕਰ ਰਿਹਾ ਤੂੰ ਮੈਂ ਤੈਨੂੰ ਬਖਸ਼ਾਉਣ ਵਾਸਤੇ ਲਿਆਦਾ ਤੂੰ ਹੋਰ ਗੁਸਤਾਖੀ ਕਰੀ ਜਾ ਰਿਹੈ?

ਇਸ ਤੇ ਪੀਰ ਨੇ ਗੁਰੂ ਸਾਹਿਬ ਨੂੰ ਅਰਜੋਈ ਕੀਤੀ ਕਿ ਗੁਰੂ ਜੀ ਮਿੱਠਾ ਬਹੁਤ ਜਗਿਆਸੂ ਕਿਸਮ ਦਾ ਮੁਰੀਦ ਹੈ ਇਹਨੂੰ ਬਖਸ਼ ਦਿਓ। ਇਸ ਤੇ ਮਿੱਠਾ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ। ਗੁਰੂ ਸਾਹਿਬ ਨੇ ਥਾਪੀ ਦਿੱਤੀ। ਮਿੱਠਾ ਸਾਰੀ ਉਮਰ ਇਸਲਾਮ ਦੇ ਦਾਇਰੇ ਵਿਚ ਰਹਿ ਕੇ ਹੀ ਗੁਰੂ ਸਾਹਿਬ ਦੇ ਨਾਮ ਦਾ ਸਿਧਾਂਤ ਪ੍ਰਚਾਰਦਾ ਰਿਹਾ।

ਮਿੱਠੇ ਦੀ ਕਬਰ ਏਸੇ ਪਿੰਡ (ਮੀਆਂ ਮਿੱਠੇ ਦੇ ਕਠਿਆਲੇ) ਵਿਚ ਹੀ ਹੈ। ਕਬਰ ਤੇ ਲੱਗੀ ਤਖਤੀ ਮੁਤਾਬਿਕ ਮੀਆਂ ਮਿੱਠੇ ਦਾ ਦਿਹਾਂਤ 1601 ਈ. ਵਿਚ ਹੋਇਆ।

ਗੁਰੂ ਸਾਹਿਬ ਖ਼ੁੱਦ ਵੀ ਇਕ ਵੇਰ ਇਸ ਪਿੰਡ ਵਿਚ ਬਿਰਾਜੇ ਅਤੇ ਪਹਾੜ ਪਾਸੇ ਬਾਗ ਵਿਚ ਕਿਆਮ ਕੀਤਾ। ਜਿਸ ਥਾਂ ਗੁਰੂ ਸਾਹਿਬ ਬਰਾਜੇ ਸਨ ਉਥੇ ਬਾਗ ਵਿਚ ਅੱਜ ਵੀ ਮੰਜੀ ਸਾਹਿਬ (ਥੜਾ) ਬਣਿਆ ਹੋਇਆ ਹੈ।

▲



ਮੀਆਂ ਮਿੱਠੇ ਦਾ ਕਠਿਆਲਾ। ਸੱਜੇ ਪਾਸੇ ਨਿਮਾਣਾ ਜਿਹਾ ਗੁਰਦੁਆਰਾ ਜਿੱਥੇ ਯਾਦਗਾਰੀ ਮੰਜੀ ਸਾਹਿਬ (ਥੜਾ) ਮੌਜੂਦ ਹੈ। (ਖੱਬੇ) ਕਾਰਸੇਵਾ ਬਾਬੇ ਨੇ ਜਿੱਦ ਵਿਚ ਆ ਕੇ ਉਸਾਰਿਆ ਸ਼ਾਨਦਾਰ ਸਥਾਨ। ਸੱਜੇ ਉਹ ਬੋਹੜ ਜਿਸ ਨੂੰ ਵੱਢਣ ਲਈ ਕਾਰਸੇਵਾ ਬਾਬਾ ਜਿੱਦ ਕਰ ਰਿਹਾ ਸੀ। (■ ਵੇਖੋ ਪੈੜ ਸਫਾ।) ਇਸ ਪਿੰਡ ਦੇ ਲੋਕ ਮੁਬਾਰਕਬਾਦ ਦੇ ਪਾਤਰ ਹਨ ਜਿੰਨਾਂ ਨੂੰ ਪੁਰਾਤਤ ਅਤੇ ਵਾਤਾਵਰਣ ਨਾਲ ਪ੍ਰੇਮ ਹੈ। ਯਾਦ ਰਹੇ ਸਿੱਖੀ ਦਾ ਕਾਰਸੇਵਾ ਸਿਧਾਂਤ ਬਿਲਕੁਲ ਨਿਵੇਕਲਾ, ਪਵਿਤ੍ਰ ਅਤੇ ਇਨਕਲਾਬੀ ਹੈ ਪਰ ਬਦਕਿਸਮਤੀ ਨਾਲ ਅੱਜ ਕਾਰਸੇਵਾ ਨੂੰ ਕੁਝ ਗੁਰਬਾਣੀ ਨਿਤਨੇਮ ਤੋਂ ਸੱਖਣੇ ਵਪਾਰੀ ਕਿਸਮ ਦੇ ਨਕਲੀ ਬਾਬਿਆਂ ਨੇ ਅਗਵਾ ਕਰ ਲਿਆ ਹੈ। ਜੋ ਸਾਡੀਆਂ ਇਤਹਾਸਿਕ ਯਾਦਗਾਰਾਂ ਮਿਟਾਈ ਜਾ ਰਹੇ ਨੇ। ਪਿੱਛੇ ਜਿਹੇ ਇਹਨਾਂ ਨੇ ਅੰਮ੍ਰਿਤਸਰ ਦਾ ਕਿਲਾ ਲੋਹ ਗੜ੍ਹ ਪੂਰੀ ਤਰਾਂ ਖਤਮ ਕਰ ਦਿੱਤਾ ਹੈ। ਜਿੱਥੇ ਛੇਵੇ ਪਾਤਸ਼ਾਹ ਨੇ ਬੇਰੀ ਦੀ ਤੋਪ ਬਣਾ ਕੇ ਚਲਾ ਦਿੱਤੀ ਸੀ।





ਕਠਿੱਆਲਾ ਵਿਖੇ ਮੀਆਂ ਮਿੱਠੇ ਦੀ ਕਬਰ ਅਤੇ ਨਾਲ ਲੱਗੀ ਕਬਰ ਤਖਤੀ ਜਿਸ ਤੇ ਲਿਖਿਆ ਹੈ ਕਿ ਸ਼ੁਧ ਮੱਠੀ ਖਾਂ ਦਾ ਦਿਹਾਂਤ ਹਿੰਦਸੇ ਆਬਜਾਦ ਦੇ ਨਿਯਮ ਮੁਤਾਬਿਕ ਸੰਨ 1601 ਈ ਵਿਚ ਹੋਇਆ। (ਫਾਰਸੀ ਲੇਖ ਦਾ ਤਰਜਮਾ ਕੀਤਾ ਮਿਰਜਾ ਸਫਦਰ ਬੇਗ ਨੇ)

(ਨੋਟ -ਪਤਾ ਲੱਗਾ ਹੈ ਇਹ ਕਬਰ ਤਖਤੀ ਪੁਰਾਤਨਤਾ ਦੇ ਤਸਕਰ ਇਥੋਂ ਚੁੱਕ ਲਿਜਾ ਚੁੱਕੇ ਹਨ। ਜਦੋਂ 550 ਗੁਰਪੁਰਬ ਮਨਾਇਆ ਜਾ ਰਿਹਾ ਸੀ ਤਾਂ ਪਿੰਡਾਂ ਥਾਵਾਂ ਤੇ ਸਰਕਾਰੀ ਮੁਲਾਜਮਾਂ ਦੇ ਭੇਸ ਵਿਚ ਇਹ ਤਸਕਰ ਫਿਰੇ। ਇਲਾਕੇ ਦੇ ਸਰਪੰਚਾਂ ਨੂੰ ਭਰੋਸੇ ਵਿਚ ਲੈ ਕੇ ਪੁਰਾਣੀਆਂ ਸ਼ੈਆਂ ਚੁੱਕ ਲੈ ਗਏ। ਇਹ ਕਹਿ ਕੇ ਕਿ ਇਨਾਂ ਦੀ ਸਰਕਾਰੀ ਨੁੰਮਾਇਸ਼ ਸੁਲਤਾਨਪੁਰ ਲੋਧੀ ਵਿਖੇ ਲਗਣੀ ਹੈ। ਇਹ ਲੋਕ ਪੁਰਾਣੀਆਂ ਫਿਰ ਮੋਟੀ ਕੀਮਤ ਤੇ ਵੇਚ ਦਿੰਦੇ ਹਨ ਜੋ ਬਾਹਰ ਦੇਸੀ ਪਹੁੰਚ ਜਾਂਦੀਆਂ ਹਨ। ਕਿਉਕਿ ਪੱਛਮੀ ਮੁਲਕਾਂ ਦੇ ਲੋਕ ਇਤਹਾਸ ਦੇ ਕਦਰਦਾਨ ਹਨ। ਪੁਲਿਸ ਨੂੰ ਚਾਹੀਦਾ ਇਸ ਗਲ ਦਾ ਨੋਟਿਸ ਲੈਵੇ।

ਪੈੜ ਸਫਾ

⊙ ਬੀ:40- 135, ਬੀ:40- 57,

✚ਮੀਆਂ ਮਿੱਠੇ ਦਾ ਕਠਿਆਲਾ ਨਾਂ ਦੇ ਪਿੰਡ ਵਿੱਚ ਅੱਜ ਵੀ ਮੀਆਂ ਜੀ ਦਾ ਹੁਜਰਾ ਨੌ ਬਰ ਨੌ ਅਤੇ ਚੰਗੀ ਹਾਲਤ ਵਿੱਚ ਸਾਂਭਿਆ ਪਿਆ ਹੈ। ਇਸ ਥਾਂ ਦਾ ਸੇਵਾਦਾਰ (ਮਜੌਰ) ਗੁਰਵਿੰਦਰ ਸਿੰਘ ਨਾਂ ਦਾ ਸਿੱਖ ਹੈ। ਗੁਰਵਿੰਦਰ ਦਾ ਕਹਿਣਾ ਹੈ ਕਿ ਅਬਦੁਲ ਰਹਿਮਾਨ ਅਤੇ ਮੀਆਂ ਮਿੱਠਾ ਗੁਰੂ ਅਤੇ ਚੇਲਾ ਸਨ ਜਦੋਂ ਕਿ ਭਾਈ ਕਾਨ ਸਿੰਘ ਜਿਹੇ ਲਿਖਾਰੀਆਂ ਨੂੰ ਟਪਲਾ ਲੱਗਾ ਹੈ ਜਿੰਨਾਂ ਨੇ ਦੋਵਾਂ ਨੂੰ ਇੱਕ ਇਨਸਾਨ ਦੇ ਰੂਪ ਵਿੱਚ ਹੀ ਪੇਸ਼ ਕੀਤਾ ਹੈ ਅਤੇ ਲਿਖ ਦਿੱਤਾ ਕਿ ਅਬਦੁਲ ਰਹਿਮਾਨ ਮਿੱਠਣ ਕੋਟ ਦੇ ਰਹਿਣ ਵਾਲੇ ਸਨ। ਅਖੇ ਜਿਸ ਕਰਕੇ ਉਨਾਂ ਨੂੰ ਮੀਆਂ ਮਿੱਠਾ ਕਿਹਾ ਜਾਂਦਾ ਸੀ। ਗੁਰਵਿੰਦਰ ਅਨੁਸਾਰ ਮੀਆ ਮਿੱਠਾ ਮੂਲ ਵਿੱਚ ਪਸਰੂਰ ਸ਼ਹਿਰ ਦੇ ਰਹਿਣ ਵਾਲੇ ਸਿਆਲ ਖੱਤਰੀ ਸਨ। ਇਹ ਅਰਬ ਦੇਸਾਂ ਤੋਂ ਖਜੂਰਾਂ ਲਿਆਉਦੇ ਸਨ ਭਾਵ ਸੌਦਾਗਰ ਸਨ। ਇਕ ਵੇਰਾਂ ਇਹਨਾਂ ਦਾ ਪਿਆਰਾ ਊਠ ਢਿੱਡ ਵਿਚ ਪੀੜ ਪੈਣ ਕਾਰਨ ਮਰ ਗਇਆ। ਜਿਸ ਦੇ ਵੈਰਾਗ ਵਿਚ ਇਹ ਬਹੁਤ ਦੁੱਖੀ ਹੋਏ। ਇਸ ਮੌਕੇ ਫਿਰ ਪੀਰ ਅਬਦੁਲ ਰਹਿਮਾਨ ਨੇ ਇਨਾਂ ਨੂੰ ਗਿਆਨ ਦਿਤਾ ਜਿਸ ਕਾਰਨ ਫਿਰ ਇਹ ਦੁਨਿਆਵੀ ਕਾਰੋਬਾਰ ਛੱਡ ਕੇ ਪੱਕਾ ਪੀਰ ਦਾ ਮੁਰੀਦ ਹੀ ਬਣ ਗਇਆ ਅਤੇ ਇਸਲਾਮ ਕਬੂਲ ਲਿਆ। ਇੰਨਾਂ ਨੇ ਖ਼ੁੱਦ ਵਿਆਹ ਨਹੀ ਸੀ ਕਰਵਾਇਆ। ਗੁਰਵਿੰਦਰ ਅਨੁਸਾਰ ਇਹ ਤਿੰਨ ਭੈਣ ਭਰਾ ਸਨ। ਸਿਆਲ ਖੱਤਰੀ ਅੱਜ ਵੀ ਮੀਆਂ ਮਿੱਠਾ ਨੂੰ ਆਪਣਾ ਜਠੇਰਾ ਕਰਕੇ ਪੂਜਦੇ ਹਨ।

■ ਗੁਰੂ ਸਾਹਿਬ ਪੀਰ ਬਾਬਾ ਮਿੱਠਾ ਦੇ ਤਕੀਏ ਦੇ ਉੱਤਰ ਵਿਚ 500 ਗੱਜ ਦੂਰ ਖਜੂਰਾਂ ਦੇ ਬਾਗ ਵਿਚ ਬਿਰਾਜੇ ਸਨ। ਜਿਥੇ ਗੁਰੂ ਸਾਹਿਬ ਸ਼ੁਰੂ ਵਿੱਚ ਆ ਕੇ ਬੈਠੇ ਉਥੇ ਗੁਰਦੁਆਰਾ ਗੋਸ਼ਟਿ ਸਥਾਨ ਥੜਾ ਸਾਹਿਬ ਮੌਜੂਦ ਹੈ। ਇਥੇ ਨਾਲ ਹੀ ਇਕ ਹੋਰ ਬਹੁਤ ਹੀ ਵਿਸ਼ਾਲ ਗੁਰਦੁਆਰਾ ਸਾਹਿਬ ਬਣਾਇਆ ਗਇਆ ਹੈ। ਇਸ ਦੀ ਕਹਾਣੀ ਵੀ ਦੱਸਦੀ ਹੈ ਕਿ ਗੁਰਮਤ ਤੋਂ ਸੱਖਣੇ ਕਾਰਸੇਵਾ ਵਾਲੇ ਬਾਬੇ ਕਿਵੇ ਇਤਹਾਸਿਕ ਨਿਸ਼ਾਨੀਆਂ ਦੀ ਪ੍ਰਵਾਹ ਨਹੀ ਕਰਦੇ।

ਹੋਇਆ ਕੁਝ ਇਸ ਤਰਾਂ ਕਿ ਬਾਬੇ ਨੇ ਪਿੰਡ ਨਿਵਾਸੀਆਂ ਕੋਲੋਂ ਮੰਜੀ ਸਾਹਿਬ ਤੇ ਸੁੰਦਰ ਗੁਰਦੁਆਰਾ ਸਾਹਿਬ ਬਣਾਉਣ ਵਾਸਤੇ ਆਗਿਆ ਲੈ ਲਈ। ਜਿਵੇ ਕਾਰ ਸੇਵਾ ਸ਼ੁਰੂ ਹੋਈ ਬਾਬੇ ਦੀ ਸਕੀਮ ਵਿਚ ਇਕ ਪੁਰਾਤਨ ਬੋਹੜ ਦਾ ਰੁੱਖ ਆੜੇ ਆ ਗਇਆ। ਬਾਬਾ ਜਿਵੇ ਬੋਹੜ ਤੇ ਕੁਹਾੜਾ ਚਲਾਉਣ ਲੱਗਾ ਪਿੰਡ ਵਾਲਿਆਂ ਨੂੰ ਪਤਾ ਲੱਗ ਗਇਆ ਤਾਂ ਉਹਨਾਂ ਨੇ ਬੋਹੜ ਵੱਢਣ ਤੋਂ ਬਾਬੇ ਨੂੰ ਮਨਾ ਕਰ ਦਿੱਤਾ। ਬਾਬੇ ਨੇ ਜਿੱਦ ਕਰ ਲਈ ਤੇ ਕਿਹਾ ਕਿ ਬਿਨਾਂ ਬੋਹੜ ਵੱਢੇ ਉਹ ਗੁਰਦੁਆਰਾ ਸਾਹਿਬ ਤਾਮੀਰ ਨਹੀ ਕਰੇਗਾ। ਬਾਬਾ ਗੁੱਸਾ ਵਿਚ ਆ ਕੇ ਕਾਰਸੇਵਾ ਹੀ ਛੱਡ ਗਇਆ।

ਇਸ ਗਲ ਵਿਚ ਉਂਜ ਬਾਬੇ ਨੇ ਆਪਣੀ ਹੇਠੀ ਸਮਝੀ ਅਤੇ ਕੁਝ ਚਿਰ ਬਾਦ ਉਸੇ ਸਥਾਨ ਲਾਗੇ ਕਿਲਾ ਜਮੀਨ ਬਾਬੇ ਨੇ ਖਰੀਦੀ ਅਤੇ ਉਥੇ ਜਿੱਦ ਵਿਚ ਆ ਕੇ ਗੁਰਦੁਆਰਾ ਸਾਹਿਬ ਬਣਾ ਦਿੱਤਾ। ਸੋ ਇਸ ਪ੍ਰਕਾਰ ਇਥੇ ਦੋ ਅਸਥਾਨ ਬਣ ਗਏ ਹਨ।